1605 ਵਿੱਚ ਜਦੋਂ ਅਕਬਰ ਬਾਦਸ਼ਾਹ ਬਟਾਲੇ ਆਇਆ ਤਾਂ ਕਿਸੇ ਨੇ ਉਸ ਦੇ ਕੰਨ ਇਹ ਕਹਿ ਕੇ ਭਰ ਦਿੱਤੇ ਕਿ ਗੁਰੂ ਸਾਹਿਬ ਵੱਲੋਂ ਰਚਿਤ (ਗੁਰੂ) ਗ੍ਰੰਥ ਸਾਹਿਬ ਵਿੱਚ ਇਸਲਾਮ ਤੇ ਮੁਹੰਮਦ ਸਾਹਿਬ ਦੀ ਸ਼ਾਨ ਦੇ ਖ਼ਿਲਾਫ਼ ਲਿਖਤ ਲਿਖੀ ਗਈ ਹੈ। ਗੁਰੂ ਅਰਜਨ ਦੇਵ ਜੀ ਵੱਲੋਂ ਅਕਬਰ ਬਾਦਸ਼ਾਹ ਦੇ ਸ਼ੰਕਿਆਂ ਨੂੰ ਸੰਤੁਸ਼ਟ ਕਰਨ ਦੇ ਕਾਬਲ ਵੀ ਭਾਈ ਗੁਰਦਾਸ ਜੀ ਨੂੰ ਹੀ ਸਮਝਿਆ ਗਿਆ। ਗੁਰੂ ਸਾਹਿਬ ਦੇ ਹੁਕਮ ਨੂੰ ਖਿੜੇ ਮੱਥੇ ਪ੍ਰਵਾਨ ਕਰ ਕੇ ਭਾਈ ਗੁਰਦਾਸ ਜੀ ਤੇ ਬਾਬਾ ਬੁੱਢਾ ਜੀ (ਗੁਰੂ) ਗ੍ਰੰਥ ਸਾਹਿਬ ਸਮੇਤ ਬਟਾਲੇ ਪਹੁੰਚ ਗਏ। ਜਦੋਂ ਅਕਬਰ ਨੇ ਬਾਣੀ ਸੁਣਾਉਣ ਲਈ ਕਿਹਾ ਤਾਂ ਭਾਈ ਸਾਹਿਬ ਨੇ ਪਾਠ ਕਰਨਾ ਆਰੰਭ ਕਰ ਦਿੱਤਾ। ਪਾਠ ਦੀ ਅਰੰਭਤਾ ਵਿੱਚ ਜੋ ਸ਼ਬਦ ਆਇਆ ਉਸ ਦੇ ਨਾਲ ਹੀ ਅਕਬਰ ਬਾਦਸ਼ਾਹ ਦੀ ਕਾਫ਼ੀ ਹੱਦ ਤਕ ਤਸੱਲੀ ਹੋ ਗਈ। ਇਸ ਤੋਂ ਇਲਾਵਾ ਭਾਈ ਸਾਹਿਬ ਨੇ ਕੁਝ ਹੋਰ ਸ਼ਬਦ ਵੀ ਪੜ੍ਹੇ, ਜਿਨ੍ਹਾਂ ਨੂੰ ਸੁਣ ਕੇ ਅਕਬਰ ਨੇ 51 ਮੋਹਰਾਂ (ਗੁਰੂ) ਗ੍ਰੰਥ ਸਾਹਿਬ ਅੱਗੇ ਰੱਖ ਕੇ ਆਪਣਾ ਸੀਸ ਝੁਕਾਇਆ। ਉਸ ਨੇ ਭਾਈ ਗੁਰਦਾਸ ਜੀ ਨੂੰ ਇੱਕ ਸੁੰਦਰ ਦੁਸ਼ਾਲਾ ਭੇਟ ਕਰ ਕੇ ਸਨਮਾਨਿਤ ਵੀ ਕੀਤਾ।

ਭਾਈ ਗੁਰਦਾਸ ਜੀ ਦੀ ਤਿੰਨ ਪ੍ਰਕਾਰ ਦੀ ਲਿਖਤ ਮਿਲਦੀ ਹੈ। ਇਸ ਲਿਖਤ ਵਿੱਚ 40 ਅਧਿਆਤਮਕ ਵਾਰਾਂ (ਪੰਜਾਬੀ) 675 ਬ੍ਰਿਜ ਤੇ ਕੁਝ ਸ਼ਲੋਕ (ਸੰਸਕ੍ਰਿਤ) ਵਿੱਚ ਮਿਲਦੇ ਹਨ। ਵਰਣਾਤਮਕ ਵਿਸ਼ਿਆਂ ਲਈ ਉਨ੍ਹਾਂ ਨੇ ਲੋਕ-ਕਾਵਿ ਰੂਪ ਦੀ ਵਰਤੋਂ ਕੀਤੀ ਹੈ। ਭਾਈ ਗੁਰਦਾਸ ਜੀ ਨੇ ਆਪਣੇ ਅੰਤਲੇ ਸਵਾਸ ਸ੍ਰੀ ਗੋਇੰਦਵਾਲ ਸਾਹਿਬ ਦੀ ਧਰਤੀ 'ਤੇ ਲਏ ਅਤੇ ਛੇਵੇਂ ਪਾਤਸ਼ਾਹ ਦੀ ਹਜ਼ੂਰੀ ਵਿੱਚ ਭਾਦੋਂ ਸੁਦੀ ਪੰਜਵੀਂ 1637 ਨੂੰ ਸਰੀਰਕ ਚੋਲਾ ਤਿਆਗ ਗਏ। ਉਨ੍ਹਾਂ ਦੇ ਯੋਗਦਾਨ ਬਦਲੇ ਸਿੱਖ ਸੰਗਤਾਂ ਹਮੇਸ਼ਾ ਉਨ੍ਹਾਂ ਦੀਆਂ ਰਿਣੀ ਰਹਿਣਗੀਆਂ।

ਸੰਪਰਕ: 094631-32719

ਗੁਰ ਰਾਮਦਾਸ ਰਾਖਹੁ ਸਰਣਾਈ



ਆਪ ਨੂੰ ਆਪਣੇ ਪਿੰਡ ਬਾਸਰਕੇ ਲੈ ਆਈ। ਇਥੇ ਭਾਈ ਜੇਠਾ ਜੀ ਫਿਰ-ਤੁਰ ਕੇ ਘੁੰਗਣੀਆਂ ਵੇਚਦੇ ਅਤੇ ਆਪਣੇ ਪਰਿਵਾਰ ਦੀ ਪਾਲਣਾ-ਪੋਸ਼ਣਾ ਕਰਦੇ। ਆਪ ਜੀ ਦੇ ਆਪਣੀ ਇਸ ਸਮੇਂ ਦੀ ਅਵਸਥਾ ਦਾ ਜ਼ਿਕਰ ਕਰਦੇ ਹੋਏ ਕਥਨ ਕੀਤਾ:

ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰ ਸਾ ਬਿਧਿ ਤੁਮ ਹਰਿ ਜਾਣਹੁ ਆਪੇ॥

ਸ੍ਰੀ ਗੁਰੂ ਰਾਮਦਾਸ ਜੀ ਆਪਣੇ ਮਾਤਾ-ਪਿਤਾ ਦੇ ਵੱਡੇ ਪੁੱਤਰ ਹੋਣ ਕਰਕੇ ਜੇਠਾ ਕਰਕੇ ਜਾਣੇ ਜਾਂਦੇ ਸਨ। ਗਿਆਨੀ ਗਿਆਨ ਸਿੰਘ 'ਤਵਾਰੀਖ ਗੁਰੂ ਖਾਲਸਾ' ਵਿਚ ਲਿਖਦੇ ਹਨ ਕਿ ਆਪ ਅਤਿ ਸੁੰਦਰ, ਮੋਟੇ ਨਕਸ਼ ਤੇ ਚੌੜੇ ਮੱਥੇ ਵਾਲੇ ਸਨ ਅਤੇ ਹੱਥਾਂ-ਪੈਰਾਂ ਦੇ ਸਭ ਲੱਛਣ ਅਵਤਾਰਾਂ ਵਾਲੇ ਸਨ। ਆਪ ਜੀ ਦੀ ਸੁੰਦਰਤਾ ਦਾ ਵਰਣਨ ਭੱਟ ਪਰਮਾਨੰਦ ਜੀ ਨੇ ਵੀ ਇਸ ਤਰ੍ਹਾਂ ਕੀਤਾ ਹੈ :

ਕਵਲ ਨੈਨ ਮਧੁਰ ਬੈਨ ਕੋਟਿ ਸੈਨ ਸੰਗ ਸੋਭ ਕਹਤ
ਮਾ ਜਸੋਦ ਜਿਸਹਿ ਦਹੀ ਭਾਤੁ ਖਾਹਿ ਜੀਉ॥
ਦੇਖਿ ਰੂਪੁ ਅਤਿ ਅਨੂਪੁ ਮੋਹ ਮਹਾ ਮਗ ਭਈ
ਕਿੰਕਨੀ ਸਬਦ ਝਨਤਕਾਰ ਖੇਲੁ ਪਾਹਿ ਜੀਉ॥ (ਪੰਨਾ 1402)

ਅਜੇ ਆਪ ਜੀ 7 ਸਾਲ ਦੇ ਹੀ ਸਨ ਕਿ ਆਪ ਦੇ ਮਾਤਾ-ਪਿਤਾ ਅਕਾਲ ਪੁਰਖ ਦੇ ਚਰਨਾਂ ਵਿਚ ਜਾ ਬਿਰਾਜੇ। ਹੋਰ ਕੋਈ ਸਹਾਰਾ ਨਾ ਹੋਣ ਕਰਕੇ ਅਨਾਥ ਵੇਖ ਆਪ ਜੀ ਦੀ ਨਾਨੀ ਆਪ ਨੂੰ ਆਪਣੇ ਪਿੰਡ ਬਾਸਰਕੇ ਲੈ ਆਈ। ਇਥੇ ਭਾਈ ਜੇਠਾ ਜੀ ਫਿਰ-ਤੁਰ ਕੇ ਘੁੰਗਣੀਆਂ ਵੇਚਦੇ ਅਤੇ ਆਪਣੇ ਪਰਿਵਾਰ ਦੀ ਪਾਲਣਾ-ਪੋਸ਼ਣਾ ਕਰਦੇ। ਆਪ ਜੀ ਦੇ ਆਪਣੀ ਇਸ ਸਮੇਂ ਦੀ ਅਵਸਥਾ ਦਾ ਜ਼ਿਕਰ ਕਰਦੇ ਹੋਏ ਕਥਨ ਕੀਤਾ:

ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰ ਸਾ ਬਿਧਿ ਤੁਮ ਹਰਿ ਜਾਣਹੁ ਆਪੇ॥

ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦੀ ਸ਼ਖ਼ਸੀਅਤ ਬਾਰੇ ਕੁਝ ਸ਼ਬਦ ਹੀ ਲਿਖਣੇ ਹੋਣ ਤਾਂ ਕਹਿ ਸਕਦੇ ਹਾਂ ਕਿ ਉਨ੍ਹਾਂ ਦਾ ਜੀਵਨ 'ਪੂਰੀ ਹੋਈ ਕਰਮਾਤਿ' ਦਾ ਅਕਸ ਸੀ। ਸੇਵਾ ਤੇ ਨਿਮਰਤਾ ਦੇ ਪੁੰਜ ਅਤੇ ਅਸੀਮ ਗੁਣਾਂ ਦੇ ਮਾਲਕ ਸ੍ਰੀ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਸੰਨ 1534 ਵਿਚ ਪਿਤਾ ਸੋਢੀ ਹਰਿਦਾਸ ਜੀ ਤੇ ਮਾਤਾ ਦਇਆ ਕੌਰ ਦੇ ਭਾਗਾਂ ਭਰੇ ਘਰ ਚੂਨਾ ਮੰਡੀ ਲਾਹੌਰ ਵਿਚ ਹੋਇਆ।



ਪ੍ਰੋ. ਕ੍ਰਿਪਾਲ ਸਿੰਘ ਬਡੂੰਗਰ

ਸ੍ਰੀ ਗੁਰੂ ਰਾਮਦਾਸ ਜੀ ਆਪਣੇ ਮਾਤਾ-ਪਿਤਾ ਦੇ ਵੱਡੇ ਪੁੱਤਰ ਹੋਣ ਕਰਕੇ ਜੇਠਾ ਕਰਕੇ ਜਾਣੇ ਜਾਂਦੇ ਸਨ। ਗਿਆਨੀ ਗਿਆਨ ਸਿੰਘ 'ਤਵਾਰੀਖ ਗੁਰੂ ਖਾਲਸਾ' ਵਿਚ ਲਿਖਦੇ ਹਨ ਕਿ ਆਪ ਅਤਿ ਸੁੰਦਰ, ਮੋਟੇ ਨਕਸ਼ ਤੇ ਚੌੜੇ ਮੱਥੇ ਵਾਲੇ ਸਨ ਅਤੇ ਹੱਥਾਂ-ਪੈਰਾਂ ਦੇ ਸਭ ਲੱਛਣ ਅਵਤਾਰਾਂ ਵਾਲੇ ਸਨ। ਆਪ ਜੀ ਦੀ ਸੁੰਦਰਤਾ ਦਾ ਵਰਣਨ ਭੱਟ ਪਰਮਾਨੰਦ ਜੀ ਨੇ ਵੀ ਇਸ ਤਰ੍ਹਾਂ ਕੀਤਾ ਹੈ :

ਕਵਲ ਨੈਨ ਮਧੁਰ ਬੈਨ ਕੋਟਿ ਸੈਨ ਸੰਗ ਸੋਭ ਕਹਤ
ਮਾ ਜਸੋਦ ਜਿਸਹਿ ਦਹੀ ਭਾਤੁ ਖਾਹਿ ਜੀਉ॥
ਦੇਖਿ ਰੂਪੁ ਅਤਿ ਅਨੂਪੁ ਮੋਹ ਮਹਾ ਮਗ ਭਈ
ਕਿੰਕਨੀ ਸਬਦ ਝਨਤਕਾਰ ਖੇਲੁ ਪਾਹਿ ਜੀਉ॥ (ਪੰਨਾ 1402)

ਅਜੇ ਆਪ ਜੀ 7 ਸਾਲ ਦੇ ਹੀ ਸਨ ਕਿ ਆਪ ਦੇ ਮਾਤਾ-ਪਿਤਾ ਅਕਾਲ ਪੁਰਖ ਦੇ ਚਰਨਾਂ ਵਿਚ ਜਾ ਬਿਰਾਜੇ। ਹੋਰ ਕੋਈ ਸਹਾਰਾ ਨਾ ਹੋਣ ਕਰਕੇ ਅਨਾਥ ਵੇਖ ਆਪ ਜੀ ਦੀ ਨਾਨੀ ਆਪ ਨੂੰ ਆਪਣੇ ਪਿੰਡ ਬਾਸਰਕੇ ਲੈ ਆਈ। ਇਥੇ ਭਾਈ ਜੇਠਾ ਜੀ ਫਿਰ-ਤੁਰ ਕੇ ਘੁੰਗਣੀਆਂ ਵੇਚਦੇ ਅਤੇ ਆਪਣੇ ਪਰਿਵਾਰ ਦੀ ਪਾਲਣਾ-ਪੋਸ਼ਣਾ ਕਰਦੇ। ਆਪ ਜੀ ਦੇ ਆਪਣੀ ਇਸ ਸਮੇਂ ਦੀ ਅਵਸਥਾ ਦਾ ਜ਼ਿਕਰ ਕਰਦੇ ਹੋਏ ਕਥਨ ਕੀਤਾ:

ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰ ਸਾ ਬਿਧਿ ਤੁਮ ਹਰਿ ਜਾਣਹੁ ਆਪੇ॥

ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ॥
ਧੰਨੁ ਧੰਨੁ ਗੁਰੂ ਨਾਨਕ ਜਨ ਕੇਰਾ ਜਿਤੁ ਮਿਲਿਐ ਚੂਕੇ ਸਭਿ ਸੋਗ ਸੰਤਾਪੇ॥ (ਪੰਨਾ 167)

ਕੁਦਰਤ ਦੀ ਕਰਣੀ ਤੀਸਰੇ ਪਾਤਸ਼ਾਹ ਗੁਰੂ ਅਮਰਦਾਸ ਜੀ ਵੀ ਬਾਸਰਕੇ ਦੇ ਰਹਿਣ ਵਾਲੇ ਸਨ। ਇਥੇ ਬਾਸਰਕੇ ਪਿੰਡ ਵਿਚ ਹੀ ਉਨ੍ਹਾਂ ਦੀ ਸੇਵਾ ਭਾਵਨਾ ਦੇ ਰੂਪ ਵਿਚ ਗੁਰੂ ਅਮਰਦਾਸ ਜੀ ਨਾਲ ਪਹਿਲੀ ਮੁਲਾਕਾਤ ਹੋਈ। ਆਤਮਿਕ ਤੌਰ 'ਤੇ ਇਹ ਮੁਲਾਕਾਤ ਐਸੀ ਸੀ ਕਿ ਭਾਈ ਜੇਠਾ ਜੀ ਸਦਾ ਲਈ ਗੁਰੂ ਅਮਰਦਾਸ ਜੀ ਨੂੰ ਸਮਰਪਿਤ ਹੋ ਗਏ। ਆਪ ਸ੍ਰੀ ਗੁਰੂ ਅਮਰਦਾਸ ਜੀ ਦੇ ਪਾਸ ਗੋਇੰਦਵਾਲ ਸਾਹਿਬ ਆ ਗਏ। ਗੋਇੰਦਵਾਲ ਆ ਕੇ ਵੀ ਉਨ੍ਹਾਂ ਨੇ ਘੁੰਗਣੀਆਂ ਵੇਚਣ ਦੀ ਕਿਰਤ ਜਾਰੀ ਰੱਖੀ ਤੇ ਗੁਰੂ ਦਰਬਾਰ ਦੀ ਸਿਰਜਣਾ ਤੇ ਸੇਵਾ ਦੀ ਹਾਜ਼ਰੀ ਵੀ ਨਿਰੰਤਰ ਜਾਰੀ ਰੱਖੀ। ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੀ ਸਪੁੱਤਰੀ ਬੀਬੀ ਭਾਨੀ ਵਾਸਤੇ ਭਾਈ ਜੇਠਾ ਜੀ ਨੂੰ ਵਰ ਦੇ ਰੂਪ ਵਿਚ ਸਵੀਕਾਰ ਕਰ ਲਿਆ। ਭਾਈ ਜੇਠਾ ਜੀ ਤੇ ਬੀਬੀ ਭਾਨੀ ਜੀ ਹਰ ਸਮੇਂ ਆਪਸੀ ਰਿਸ਼ਤੇਦਾਰੀ ਦਾ ਮਾਣ-ਸਨਮਾਨ ਤਿਆਗ ਕੇ ਨਿਮਾਣੇ, ਨਿਤਾਣੇ ਸਿੱਖ ਬਣ ਕੇ ਲੋਕਾਚਾਰੀ ਦੀ ਪ੍ਰਵਾਹ ਨਾ ਕਰਦਿਆਂ ਗੁਰੂ-ਘਰ ਦੀ ਸੇਵਾ ਕਰਦੇ। ਬਾਉਲੀ ਦੀ ਸੇਵਾ ਸਮੇਂ ਸਾਰਾ ਪ੍ਰਬੰਧ ਆਪਣੇ ਹੱਥੀਂ ਲਿਆ। ਆਪ ਹੱਥੀਂ ਟੋਕਰੀ ਢੋਂਹਦੇ। ਲਾਹੌਰੋਂ ਆਏ ਸ਼ਰੀਕੇ ਵਾਲਿਆਂ ਨੇ ਸ੍ਰੀ ਗੁਰੂ ਅਮਰਦਾਸ ਜੀ ਨੂੰ ਜਦ ਉਲਾਂਭਾ ਦਿੱਤਾ ਤਾਂ ਉਨ੍ਹਾਂ ਕਿਹਾ, 'ਰਾਮਦਾਸ ਦੇ ਸਿਰ 'ਤੇ ਟੋਕਰੀ ਨਹੀਂ ਹੈ, ਸਗੋਂ ਇਹ ਦੀਨ ਦੁਨੀਆ ਦੇ ਛਤਰ ਦੀ ਨਿਸ਼ਾਨੀ ਹੈ।'

ਅਜਿਹੀ ਸੇਵਾ ਸਿਮਰਨ ਦੀ ਕਮਾਈ ਸਦਕਾ ਸ੍ਰੀ ਗੁਰੂ ਅਮਰਦਾਸ ਜੀ ਨੇ ਗੁਰੂ ਜੋਤਿ ਦਾ ਅਧਿਕਾਰੀ ਭਾਈ ਜੇਠਾ ਜੀ ਨੂੰ ਬਣਾ ਦਿੱਤਾ। ਭਾਈ ਜੇਠਾ ਜੀ ਸ੍ਰੀ ਗੁਰੂ ਰਾਮਦਾਸ ਜੀ ਦੇ ਨਾਂਅ ਨਾਲ ਪ੍ਰਸਿੱਧ ਹੋਏ। ਇਸ ਸਬੰਧੀ ਭਾਈ ਗੁਰਦਾਸ ਜੀ, ਭੱਟਾਂ ਤੇ ਰਬਾਬੀਆਂ ਨੇ ਬੜੇ ਖੂਬਸੂਰਤ ਅਨੁਭਵ ਪ੍ਰਗਟ ਕੀਤੇ ਹਨ। ਭਾਈ ਗੁਰਦਾਸ ਜੀ ਅਨੁਸਾਰ :

ਗੁਰੁ ਅਮਰਹੁ ਗੁਰੁ ਰਾਮਦਾਸੁ ਗੁਰ ਸੇਵਾ ਗੁਰੁ ਹੋਇ ਸਮਾਇਆ॥ (ਵਾਰ 26/34)

ਆਪ ਜੀ ਦੀਆਂ ਸਿੱਖਿਆਵਾਂ ਮਨੁੱਖ ਮਾਤਰ ਲਈ ਸਮੁੱਚਾ ਜੀਵਨ ਜਿਊਣ ਦੀ ਪ੍ਰੇਰਨਾ ਦਾ ਸੋਮਾ ਹਨ। ਸ੍ਰੀ ਗੁਰੂ ਰਾਮਦਾਸ ਜੀ ਨੇ ਸਿੱਖ ਨੂੰ ਆਪਾ ਸੌਂਪਣ 'ਤੇ ਜ਼ੋਰ ਦੇਣ ਲਈ ਕਿਹਾ। ਅੰਤਰ ਆਤਮੇ ਦੀ ਸੋਝੀ ਮਨ ਦੀ ਮੈਲ ਧੋ ਸਕਦੀ ਹੈ। ਨਾਮ ਦਾਨ, ਇਸ਼ਨਾਨ ਤੇ ਸੁੱਚੀ ਕਿਰਤ, ਵੰਡ ਛਕਣਾ ਸਿੱਖ ਲਈ ਸ਼ੁਭ ਕਰਮ ਹਨ। ਇਹੀ ਰਹਿਤ ਉਨ੍ਹਾਂ ਸਿੱਖ ਲਈ ਜ਼ਰੂਰੀ ਕਰ ਦਿੱਤੀ। ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰਨਾ ਤੇ ਹਰਿ ਕੇ ਨਾਮ ਦਾ ਜਾਪ ਕਰਨਾ, ਤੇ ਪੰਥ ਦੀਆਂ ਹੋਰ ਬਾਕੀ ਸਮਾਜਿਕ ਬਹਿੰਦਿਆਂ-ਉਠਦਿਆਂ ਪ੍ਰਭ ਦਾ ਸਿਮਰਨ ਕਰਨਾ ਹੀ ਸਿੱਖ ਦਾ ਕਰਮ ਹੈ। ਉਨ੍ਹਾਂ ਨੇ ਕਿਹਾ ਜੋ ਪਰਮਾਤਮਾ ਦਾ ਨਾਮ ਜਪਦਾ ਹੈ, ਉਸ ਸਿੱਖ ਦੀ ਚਰਨ ਧੂੜ ਮਸਤਕ 'ਤੇ ਲਗਾਉਣੀ ਚਾਹੀਦੀ ਹੈ। ਫ਼ੁਰਮਾਨ ਹੈ :

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥
ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥ (ਪੰਨਾ 305)

ਸ੍ਰੀ ਗੁਰੂ ਅਮਰਦਾਸ ਜੀ ਦੇ ਸਮੇਂ ਤੋਂ ਹੀ ਮਾਝੇ ਵਿਚ ਸਿੱਖੀ ਦਾ ਕੇਂਦਰ ਸਥਾਪਤ ਕਰਨ ਦਾ ਵਿਚਾਰ ਸੀ। ਆਪ ਜੀ ਨੇ 52 ਕਿੱਤਿਆਂ ਦੇ ਲੋਕਾਂ ਨੂੰ ਆਬਾਦ ਕਰਕੇ ਇਕ ਨਗਰ ਵਸਾਇਆ, ਜਿਸ ਨੂੰ ਪਹਿਲਾਂ ਚੱਕ ਰਾਮਦਾਸਪੁਰ ਤੇ ਫਿਰ ਸ੍ਰੀ ਅੰਮ੍ਰਿਤਸਰ ਸਾਹਿਬ ਕਿਹਾ ਜਾਣ ਲੱਗਾ। ਇਸ ਸ਼ਹਿਰ ਦੀ ਸਥਾਪਨਾ 1577 ਈ: ਵਿਚ ਕੀਤੀ ਗਈ। ਦੂਰਅੰਦੇਸ਼ ਗੁਰੂ

ਕਹਾਣੀ

ਉੱਡਣਾ ਸੱਪ

-ਸੋਹਣ ਸਿੰਘ



ਪਹੁ ਫੁੱਟ ਰਹੀ ਸੀ। ਚਿੜੀਆਂ ਨੇ ਚਹਿਚੁਹਾ ਸ਼ੁਰੂ ਕੀਤਾ। ਲੋਕ ਆਪਣੇ ਬਿਸਤਰਿਆਂ ਵਿਚ ਪਏ ਨਿਮੀ-ਨਿਮੀ ਵੱਗ ਰਹੀ ਪਿਆਰੀ ਪੌਣ ਦਾ ਅਨੰਦ ਮਾਣ ਰਹੇ ਸਨ। ਕਈ ਉਠ ਕੇ ਮੰਜਿਆਂ 'ਤੇ ਬੈਠੇ ਪਰਮਾਤਮਾ ਨੂੰ ਯਾਦ ਕਰ ਰਹੇ ਸਨ ਕਿ ਅਚਾਨਕ ਇਕ ਦਿਲ ਨੂੰ ਧੂਹ ਪਾ ਦੇਣ ਵਾਲੀ ਮਧੁਰ ਤੇ ਕਰੁਣਾ ਭਰਪੂਰ ਆਵਾਜ਼ ਫਿਜ਼ਾ ਵਿਚ ਗੂੰਜੀ। ਇਕ ਭਗਵਾ ਭੇਖ ਧਾਰੀ ਸਾਧੂ ਸਾਰੰਗੀ ਵਜਾਉਂਦਿਆਂ ਮਸਤ ਹੋਇਆ ਬੜੇ ਹੀ ਹੋਰ ਰੰਗ ਵਿਚ ਗਾ ਰਿਹਾ ਸੀ- ਲੱਖਾਂ ਤਰ ਗਏ ਕਰੋੜਾਂ ਤਰ ਜਾਣਗੇ ਜਿੰਨਾਂ ਨੇ ਤੇਰਾ ਨਾਮ ਜਪਿਆ।

ਲੋਕ ਸੁਚੇਤ ਹੋ ਕੇ ਬੈਠ ਗਏ। ਸੁਆਣੀਆਂ ਨੇ ਬਨੇਰਿਆਂ ਪਾਸ ਖੜੇ ਕੇ ਸਾਧੂ ਦੇ ਦਰਸ਼ਨ ਕੀਤੇ ਅਤੇ ਸੁਣ ਕੇ ਪ੍ਰਭੂ ਨੂੰ ਯਾਦ ਕਰਨ ਲੱਗੀਆਂ। ਸਾਰਾ ਵਾਤਾਵਰਣ ਹੀ ਦੈਵੀ ਹੋ ਗਿਆ। ਸਾਰੇ ਪਾਸੇ ਇੱਕ ਅਜੀਬ ਜਿਹੀ ਚੁਪ। ਅਜੀਬ ਜਿਹੀ ਸ਼ਾਂਤੀ ਸੀ। ਸਾਧੂ ਨੇ ਸਾਰੰਗੀ ਨੂੰ ਹੋਰ ਢੰਗ ਨਾਲ ਵਜਾਉਂਦਿਆਂ ਬੋਲ ਚੁਕਿਆ-

ਫਲ ਨੀਵਿਆਂ ਰੁੱਖਾਂ ਨੂੰ ਲੱਗਦੇ
ਉੱਚਾ ਹੋ ਕੇ ਮਾਰਿਆ ਗਿਆ।

ਪਿੰਡ ਦੇ ਬਿਰਧ ਲੰਬਰਦਾਰ ਸਾਧੂ ਸਿੰਘ ਨੇ ਵਾਹਿਗੁਰੂ ਦੀ ਧੁਨ ਦੀ ਲਗਾ ਦਿੱਤੀ ਤੇ ਸੰਤ ਨੂੰ ਕਹਿਣ ਲੱਗਾ "ਮਹਾਰਾਜ ਪ੍ਰਸ਼ਾਦ ਛਕੋਗੇ।" ਉਸਨੇ ਗਾਉਂਦਿਆਂ ਹੀ ਹਾਂ ਲਈ ਸਿਰ ਹਿਲਾ ਦਿੱਤਾ ਤੇ ਆਪ ਬੜੇ ਰੰਗ ਵਿਚ ਗਾਈ ਗਿਆ। ਲੰਬਰਦਾਰ ਰੋਟੀ ਦੇ ਦੁੱਧ ਦਾ ਛੰਨਾ ਲੈ ਕੇ ਹਾਜ਼ਰ ਹੋ ਗਿਆ। ਸੰਤ ਨੇ ਆਪਣੀ ਸਾਰੰਗੀ ਰੱਖੀ। ਉਹ ਬਾਰ ਵਿਚ ਬੈਠ ਗਿਆ ਤੇ ਫੁਲਕੇ ਹੱਥ 'ਤੇ ਰੱਖ ਕੇ ਖਾ ਲਏ। ਫਿਰ ਦੁੱਧ ਛੱਕਿਆ ਤੇ ਲੰਬਰਦਾਰ ਨੂੰ ਸੌ ਸੌ ਅਸੀਸਾਂ ਦਿੰਦਾ ਅਪ ਰਮਤਾ ਹੋ ਗਿਆ ਪਰ ਉਹ ਸਾਰੇ ਪਿੰਡ ਨੂੰ ਜਾਦੂ ਨਾਲ ਕੀਲ ਗਿਆ।

ਦਿਨ ਭਰ ਉਸ ਸਾਧੂ ਦੇ ਬੋਲਾਂ ਦੀ, ਉਸਦੇ ਰੱਬੀ ਨੂਰ ਵਾਲੇ ਚਿਹਰੇ ਦੀ, ਉਸ ਦੀ ਕਰਾਮਾਤੀ ਸ਼ਕਤੀ ਦੀ ਚਰਚਾ ਕਰਕੇ ਆਪਣੇ ਆਪ ਨੂੰ ਵਡਭਾਗਾ ਦੱਸ ਰਿਹਾ ਸੀ "ਇੰਨੇ ਪੰਹੁਚੇ ਹੋਏ ਮਹਾਂਪੁਰਖ ਦੇ ਦਰਸ਼ਨ ਕਲਯੁਗ ਵਿਚ ਦੁਰਲਭ ਹਨ।" ਲੰਬਰਦਾਰ ਕਹਿ ਰਿਹਾ ਸੀ "ਪਰ ਪ੍ਰਭੂ ਨੇ ਪਿੰਡ ਦੀ ਮੁਕਤੀ ਦਾ ਰਾਹ ਦੱਸਣ ਲਈ ਇਸ ਸਾਧੂ ਨੂੰ ਭੇਜਿਆ ਹੈ।" ਅਜਿਹੀਆਂ ਗੱਲਾਂ ਹੋਰ ਲੋਕ ਵੀ ਕਰ ਰਹੇ ਸਨ। ਹੁਣ ਉਸ ਸਾਧੂ ਦਾ ਨਿੱਤ ਕਰਮ ਸੀ ਸਵੇਰੇ ਪਿੰਡ ਦੀਆਂ ਗੱਲੀਆਂ ਵਿਚ ਗਾ ਕੇ ਲੋਕਾਂ ਨੂੰ ਧਰਮ ਦੇ ਮਾਰਗ 'ਤੇ ਚੱਲਣ ਦਾ ਸੁਨੇਹਾ ਦੇਣਾ, ਉਤਸ਼ਾਹਿਕ ਕਰਨਾ, ਪ੍ਰੀਰਿਤ ਕਰਨਾ। ਉਹ ਨਵੇਂ ਨਵੇਂ ਬੋਲ ਸੁਣਾਉਂਦਾ। ਅੱਜ ਬੜੇ ਹੀ ਰੰਗ ਵਿਚ ਕਹਿ ਰਿਹਾ ਸੀ-

ਜੋ ਸੋਵਤ ਹੈ ਸੋ ਖੋਵਤ ਹੈ। ਜੋ ਜਾਗਤ ਹੈ ਸੋ ਪਾਵਤ ਹੈ।
ਉਠ ਜਾਗ ਮੁਸਾਫਰ ਭੌਰ ਭਈ।
ਤੂੰ ਸੋਵਤ ਹੈ ਰੱਬ ਜਾਮਤ ਹੈ।

ਲੰਬਰਦਾਰ ਤਾਂ ਇਹ ਬੋਲ ਸੁਣ ਕੇ ਪੂਰੀ ਤਰ੍ਹਾਂ ਮੋਹਿਆ ਗਿਆ। ਸਾਧੂ ਦਾ ਸ਼ਰਧਾਲੂ ਹੀ ਨਹੀਂ ਸਗੋਂ ਪਰਮ ਭਗਤ ਹੀ ਬਣ ਗਿਆ। ਜਦੋਂ ਉਹ ਪ੍ਰਭੂ ਦਾ ਨਾਮ ਲੈਂਦਾ ਤਾਂ ਉਸਨੂੰ ਉਹ ਸਾਧੂ ਹੀ ਪ੍ਰਭੂ ਲੱਗਦਾ। ਉਹ ਸਾਰੇ ਲੋਕਾਂ ਨੂੰ ਕਹਿੰਦਾ "ਭਾਈ ਇਹ ਤਾਂ ਦੇਵਤਾ ਹੈ ਦੇਵਤਾ। ਇਸਤੋਂ ਕੋਈ ਲਾਭ ਲੈ ਲਓ। ਇਹ ਪਤਾ ਨਹੀਂ ਕਦੋਂ ਅਰਸ਼ਰਾਂ ਨੂੰ ਉਡ ਜਾਵੇ।" ਅੱਜ ਉਸਨੇ ਬੜੀ ਸਿਦਕ ਦਿਲੀ ਨਾਲ ਸਾਧੂ ਦੇ ਚਰਨ ਫੜ ਲਏ ਤੇ ਬੇਨਤੀ ਕਰਨ ਲੱਗਾ, "ਮਹਾਰਾਜ ਅਸੀਂ ਪਾਪੀ ਹਾਂ। ਸਾਰੀ ਉਮਰ ਪਾਪ ਕਰਦਿਆਂ ਹੀ ਗਵਾ ਲਈ ਹੈ। ਤੁਹਾਡੇ ਉਦੇਸ਼ ਨੇ ਮੇਰੀਆਂ ਅੱਖਾਂ ਖੋਲ ਦਿੱਤੀਆਂ ਨੇ। ਮੇਰੀ ਹੱਥ ਜੋੜ ਕੇ ਅਰਜ਼ ਹੈ ਕਿ ਮੇਰਾ ਇਕ ਚੁਬਾਰਾ ਖਾਲੀ ਹੈ, ਉਥੇ ਟਿਕੋ। ਸਾਨੂੰ ਸਾਰਿਆਂ ਨੂੰ ਉਪਦੇਸ਼ ਬਖਸ਼ੋ। ਸਾਡਾ ਟੱਬਰ ਟੀਰ ਵੀ ਤੁਹਾਡੀ ਸੰਗਤ ਨਾਲ ਚੰਗੇ ਪਾਸੇ ਲੱਗ ਜਾਊ। ਅਸੀਂ ਗਰੀਬ ਜੋ ਚੰਗਾ ਮਾੜਾ ਖਾਂਦੇ ਹਾਂ, ਤੁਹਾਡੀ ਸੇਵਾ ਵਿਚ ਹਾਜ਼ਰ ਕਰਾਂਗੇ।" ਸਾਧੂ ਨੇ ਕੁਝ ਚਿਰ ਅੱਖਾਂ ਮੀਟ ਕੇ ਬੈਠਣ ਮਗਰੋਂ "ਅਸੀਂ ਤਾਂ ਰਮਤੇ ਰਾਮ ਹਾਂ। ਰਾਮ ਨਾਮ ਜਪਦੇ ਹਾਂ। ਜਿਥੇ ਰਾਤ ਪੈਂਦੀ ਹੈ, ਰੁੱਖਾਂ ਥੱਲੇ, ਉਜਾੜੇ ਵਿਚ ਰਾਮ ਨਾਮ ਦੇ ਆਸਰੇ ਰਾਤ ਕੱਟ ਲੈਂਦੇ ਹਾਂ। ਇਹ ਤਾਂ ਪੇਟ ਨੇ ਮਾਰਿਆ ਹੈ ਕਿ ਨਗਰਾਂ ਵਿਚ ਜਾ ਕੇ ਉਦਰ ਪੂਰਤੀ ਲਈ ਸਦਾ ਦੇਣੀ ਪੈਂਦੀ ਹੈ। ਮਹਾਰਾਜ ਮੌਤ ਤੋਂ ਵੀ ਮਾੜੀ ਏ ਇਹ ਭੁੱਖ। ਪੇਟ ਦੀ ਅਗਨੀ ਜੋ ਨਿਤਨੇਮ ਨਾਲ ਸਵੇਰੇ ਸ਼ਾਮ ਆ ਆਪਣਾ ਹੁਕਮ ਸੁਣਾਉਂਦੀ ਹੈ। ਅਸੀਂ ਤਾਂ ਬਾਲ ਜਤੀ ਹਾਂ। ਗ੍ਰਿਸਤੀ ਦੇ ਦੁਆਰ ਤੋਂ ਅੱਗੇ ਜਾਣ ਦਾ ਸਾਨੂੰ ਹੁਕਮ ਨਹੀਂ ਹੈ। ਤੁਹਾਡਾ ਮੋਹ ਦੇਖ ਕੇ ਏਨਾ ਕੁ ਧਿਆਨ ਰੱਖਾਂਗੇ। ਜਦੋਂ ਪਿੰਡ ਆਇਆ ਕਰਾਂਗੇ ਤਾਂ ਦਰਸ਼ਨ ਕਰ ਲਿਆ ਕਰਾਂਗੇ। ਰਹਿਣਾ ਔਖਾ ਹੈ ਜੀ।"

ਲੰਬੜਦਾਰ ਦਾ ਮੋਹ ਉਸ ਦੀਆਂ ਅੱਖਾਂ 'ਚੋਂ ਵਹਿ ਤੁਰਿਆ। ਉਸਨੇ ਤਰਲਾ ਕਰਦਿਆਂ ਫਿਰ ਕਿਹਾ "ਮਹਾਰਾਜ ਸਾਡੇ 'ਤੇ ਕਿਰਪਾ ਕਰੋ। ਸਾਧੂ ਸੰਤ ਤਾਂ ਪਰ ਉਪਕਾਰੀ ਹੁੰਦੇ ਨੇ। ਸਾਡੇ ਜੀਅ ਤਰ ਜਾਣਗੇ। ਤੁਹਾਨੂੰ ਭਗਵਾਨ ਹੋਰ ਵੀ ਸੁਖ ਸ਼ਾਂਤੀ ਦੇਊ।"

ਸਾਧੂ ਅੰਤਰ ਧਿਆਨ ਹੋ ਗਿਆ। ਬੈਠਾ ਰਿਹਾ ਤੇ ਫਿਰ ਅੱਖਾਂ ਖੋਲ੍ਹ ਕੇ ਆਸੇ ਪਾਸੇ ਦੇਖਦਾ ਰਿਹਾ। ਫਿਰ ਇਉਂ ਕਹਿਣ ਲਗਾ "ਲੰਬਰਦਾਰ ਜੀ ਕਰਤਾਰ ਦਾ ਹੁਕਮ ਹੋਇਆ ਹੈ। ਤੁਹਾਡੇ ਪਾਸ ਰਹਿਣ ਲਈ ਪਰ ਅਸੀਂ ਸਾਲ ਤਾਂ ਨਹੀਂ ਦੋ ਚਾਰ ਮਹੀਨੇ ਰਹਿ ਕੇ ਫਿਰ ਰਮਤੇ ਹੋ ਜਾਵਾਂਗੇ। ਤੁਸੀਂ ਵੱਡੇ ਭਾਗਾਂ ਵਾਲੇ ਹੋ ਕਿ ਕਰਤਾਰ ਨੇ ਮੈਨੂੰ ਤੁਹਾਡੇ ਪਰਿਵਾਰ ਨੂੰ ਸ਼ੁਭ ਉਪਦੇਸ਼ ਦੇਣ ਤੇ ਮੁਕਤ ਕਰਵਾਉਣ ਲਈ ਫਰਮਾਇਆ ਹੈ। ਸਾਨੂੰ ਨਿਵੇਕਲਾ ਥਾਂ ਚਾਹੀਦਾ ਹੈ ਜਿਥੇ ਬੈਠ ਕੇ ਅਸੀਂ ਬੰਦਗੀ ਕਰਦੇ ਰਹੀਏ ਤੇ ਕੋਈ ਵੀ ਜੀਵ ਸਾਡੇ ਕਹੇ ਬਿਨਾਂ ਸਾਡੇ ਪਾਸ ਨਾ ਆਵੇ।" ਲੰਬਰਦਾਰ ਪ੍ਰਸੰਨ ਹੋ ਗਿਆ ਤੇ ਸਾਧੂ ਦੇ ਚਰਨ ਫੜ ਲਏ। ਉਸਨੂੰ ਪਰਿਵਾਰ ਦੀ ਮੁਕਤੀ ਵਾਲਾ ਬਚਨ ਬੜਾ ਭਾਅ ਗਿਆ ਸੀ। ਸਾਧੂ ਦੇ ਹੁਕਮ ਅਨੁਸਾਰ ਇਕ ਚੁਬਾਰਾ ਖਾਲੀ ਕਰ ਦਿਤਾ ਜਿਥੇ ਉਹ ਦਿਨ-ਰਾਤ ਆਪਣੀ ਮਰਜ਼ੀ ਨਾਲ ਵਿਚਰ ਸਕਦਾ ਸੀ। ਸਾਧੂ ਕਈ ਵਾਰ ਆਪਣੇ ਕਮਰੇ 'ਚੋਂ ਬਾਹਰ ਆ ਕੇ ਪਰਿਵਾਰ ਦੇ ਜੀਵਾਂ ਵਿਚ ਆ ਬੈਠਦਾ।

ਘਰ ਦੀਆਂ ਸੁਆਣੀਆਂ ਤੇ ਕੁੜੀਆਂ ਚਿੜੀਆਂ ਉਹਦੇ ਆਲੇ ਦੁਆਲੇ ਆ ਬੈਠਦੀਆਂ। ਉਹ ਵੱਡੇ ਵੱਡੇ ਧਰਮ ਗ੍ਰੰਥਾਂ ਦੇ ਹਵਾਲੇ ਦੇ ਕੇ ਅਕਸਰ ਇਹ ਹੀ ਸਿਧ ਕਰਦਾ ਕਿ ਸਾਧੂ ਤੇ ਪ੍ਰਭੂ ਇਕ ਹਨ। ਉਨ੍ਹਾਂ ਵਿਚ ਗਈ ਮਾਤਰ ਅੰਤਰ ਨਹੀਂ ਹੈ। ਸਾਧੂ ਦੀ ਪ੍ਰਸੰਨਤਾ ਪ੍ਰਭੂ ਦੀ ਪ੍ਰਸੰਨਤਾ ਹੈ। ਸ਼ਾਮਾਂ ਪੈਂਦੀਆਂ ਤੇ ਉਹ ਆਪਣੀ ਸਾਰੰਗੀ ਲੈ ਕੇ ਸੱਥ ਵਿਚ ਪੁੱਜ ਜਾਂਦਾ। ਲੋਕ ਇਕੱਠੇ ਹੋ ਜਾਂਦੇ। ਉਹ ਆਪਣੀ ਮਧੁਰ ਆਵਾਜ਼ ਵਿਚ ਕੋਈ ਬੋਲ ਚੁਕਦਾ। ਤਾਂ ਉਹਨੇ ਕਮਾਲ ਹੀ ਕਰ ਦਿਤੀ। ਬੜੇ ਹੀ ਦਰਦੀਲੇ ਢੰਗ ਨਾਲ ਗਾਉਣਾ ਸ਼ੁਰੂ ਕੀਤਾ :

ਬੱਚ ਬੱਚ ਕੇ ਰਹੋ ਬੀਰੋ
ਕਲਯੁਗ ਬੁਰਾ ਜ਼ਮਾਨਾ ਆਇਆ।

ਮਗਰ ਮਗਰ ਲੋਕ ਪੜ੍ਹਦੇ। ਫਿਰ ਉਹ ਕਲਯੁਗ ਦੀ ਵਿਆਖਿਆ ਕਰਦਿਆਂ ਦੱਸਦਾ "ਸਾਧ ਸੰਗਤ ਜੀ ਕਲਯੁਗ ਬੜਾ ਮਾੜਾ ਹੈ। ਇਸ ਵਿਚ ਧਰਮ ਦਾ ਨਾਮ ਨਿਸ਼ਾਨ ਨਹੀਂ ਰਹਿ ਜਾਣਾ। ਪ੍ਰਭੂ ਦੇ ਭਗਤਾਂ ਨੂੰ ਸੰਸਾਰੀ ਵਿਕਾਰੀ ਲੋਕ ਸੂਲੀਆਂ 'ਤੇ ਟੰਗਣ ਲਈ ਤਤਪਰ ਹੋ ਜਾਣਗੇ। ਧੀ ਭੈਣ ਦੀ ਸ਼ਰਮ ਨਹੀਂ ਰਹੂ। ਸਭ ਪਾਸੇ ਮਾਸ ਮਦਰਾ ਦਾ ਰਾਜ ਹੋਊਗਾ ਤੇ ਬਸ ਭਗਤੋ ਗੁਣੀ ਜਨੋ ਬਚਣਗੇ। ਸਿਰਫ ਤੁਹਾਡੇ ਵਰਗੇ ਪਰਮ ਭਗਤ ਜੋ ਸਭ ਮੋਹ ਮਾਇਆ ਦਾ ਚੱਕਰ ਛੱਡ ਕੇ ਰਾਮ ਨਾਮ ਵਿਚ ਲੀਨ ਹੋਣ ਨੂੰ ਹੀ ਜੀਨ ਦਾ ਪ੍ਰਯੋਜਨ ਮੰਨਦੇ ਹਨ।" ਲੋਕ ਉਸ ਜਾਦੂ ਬਿਆਨੀ ਨਾਲ ਕੀਲੇ ਜਾਂਦੇ ਤੇ ਜਦੋਂ ਉਹ ਬੋਲ ਚੁੱਕਦਾ ਤਾਂ ਲੋਕ ਸੰਘ ਪਾੜ ਪਾੜ ਕੇ ਆਪਣੇ ਭਗਤ ਹੋਣ ਦਾ ਪ੍ਰਮਾਣ ਦੇਣ ਲਈ ਤਤਪਰ ਰਹਿੰਦੇ। ਲੰਬੜਦਾਰ ਦੀ ਧੀ ਬੀਰੋ ਬੜੀ ਸੁਨੱਖੀ ਸੀ ਜੋ ਸਾਧੂ ਦੇ ਬੋਲਾਂ ਨੂੰ ਹਿਰਦੇ ਵਿਚ ਵਸਾ ਕੇ ਰਾਮ ਨਾਮ ਵਿਚ ਲੀਨ ਰਹਿਣ ਲਗੀ। ਬੜੀ ਭੋਲੀ ਭਾਲੀ ਤੇ ਸਾਧੂ ਸੇਵੀ ਸੀ, ਉਹ ਪ੍ਰਭੂ ਪਿਆਰੀ। ਸਾਧੂ ਦੀ ਵੀ ਉਸ ਤੇ ਬੜੀ ਕਿਰਪਾ ਦ੍ਰਿਸ਼ਟੀ ਸੀ। ਕਈ ਵਾਰ ਉਹ ਕਹਿੰਦਾ "ਬੀਰੋ ਪਿਛਲੇ ਜਨਮ ਦੀ ਭਗਤਣੀ ਹੈ। ਪ੍ਰਭੂ ਭਗਤੀ ਵਿਚ ਕੋਈ ਕਮੀ ਰਹਿ ਗਈ ਸੀ, ਜਿਸ ਕਰਕੇ ਉਸ ਨੂੰ ਇਹ ਜਨਮ ਧਾਰਨ ਕਰਨਾ ਪਿਆ, ਵਰਨਾ ਇਹ ਪਿਛਲੇ ਜਨਮ ਵਿਚ ਹੀ ਮੁਕਤ ਹੋ ਗਈ ਸੀ ਪਰ ਇਹ ਇਸ ਦਾ ਆਖਰੀ ਜਨਮ ਹੈ। ਪ੍ਰਭੂ ਦੇ ਦਰਬਾਰ ਵਿਚ ਇਸ ਦਾ ਸਥਾਨ ਨਿਸ਼ਚਿਤ ਹੈ ਜਿਥੇ ਜਾ ਕੇ ਇਹ ਦੇਵੀ ਬਣੀ ਰਾਮ ਨਾਮ ਦਾ ਰੂਪ ਬਣ ਜਾਵੇਗੀ।" ਇਹ ਸੁਣ ਕੇ ਸਾਰਾ ਪਰਿਵਾਰ ਪ੍ਰਸੰਨ ਹੁੰਦਾ ਤੇ ਬੀਰੋ ਦੇ ਮਨ ਵਿਚ ਸਾਧੂ ਦੀ ਸੇਵਾ ਦਾ ਚਾਅ ਉਗ੍ਰਲ ਉਗ੍ਰਲ ਪੈਂਦਾ। ਬੀਰੋ ਵਿਹੜੇ ਵਿਚ ਕੰਮ ਕਾਜ ਕਰਦੀ ਤਾਂ ਸਾਧੂ ਕਈ ਵਾਰ ਚੁਬਾਰੇ ਦੀ ਬਾਰੀ ਵਿਚੋਂ ਦੀ ਉਸਨੂੰ ਦੇਖਦਾ ਤਾਂ ਉਸ ਦੀਆਂ ਬਾਛਾਂ ਖਿੜ ਜਾਂਦੀਆਂ। ਜਦੋਂ ਬੀਰੋ ਨਾਲ ਅੱਖਾਂ ਮਿਲਦੀਆਂ ਤਾਂ ਉਹ ਇਕ ਹੌਕਾ ਲੈਂਦਾ ਤੇ ਉਹ ਬੀਰੋ ਤੇ ਪੂਰਾ ਤਾਣ ਲਗਾ ਦਿੰਦਾ। ਬੀਰੋ ਵੀ ਮਨ ਕਰਕੇ ਸਾਧੂ ਦੇ ਨੇੜੇ ਹੁੰਦੀ ਗਈ। ਉਹ ਕਈ ਵਾਰ ਭਗਵੀਂ ਚੁੰਨੀ ਤੇ ਸਲਵਾਰ ਨਾਲ ਕਾਲੀ ਕਮੀਜ਼ ਪਾ ਕੇ ਫਕੀਰਨੀ ਲੱਗਦੀ। ਉਹ ਅਚੇਤ ਹੀ ਸਾਧੂ ਦੀ ਹੋ ਗਈ। ਕਈ ਵਾਰ ਚੁਬਾਰੇ ਵਿਚ ਰੋਟੀ ਦੇਣ ਗਈ ਨਾਲ ਸਾਧੂ ਚੋਪੜੀਆਂ ਤੇ ਮਿਠੀਆਂ ਗੱਲਾਂ ਕਰਦਾ ਤੇ ਫਿਰ ਹੌਲੀ ਹੌਲੀ ਖੁੱਲ੍ਹ ਲੈਣ ਲੱਗਾ। ਬੀਰੋ ਉਸ ਦੀ ਛੂਹ ਪਾ ਕੇ ਅਜੀਬ ਜਿਹਾ ਖੇੜਾ ਮਹਿਸੂਸ ਕਰਦੀ। ਭਾਣਾ ਕਰਤਾਰ ਦਾ ਲੰਬਰਦਾਰ ਦੇ ਨਜ਼ਦੀਕੀ ਰਿਸ਼ਤੇਦਾਰ ਦੀ ਮੌਤ ਹੋ ਗਈ। ਘਰ ਵਿਚ ਸੋਗ ਪੈ ਗਿਆ। ਸਾਰੇ ਬੱਚਿਆਂ ਨੂੰ ਸਾਧੂ ਦੇ ਹਵਾਲੇ ਕਰਕੇ ਉਹ ਸਾਰੇ ਸਿਆਣੇ ਦੋ ਤਿੰਨ ਦਿਨਾਂ ਲਈ ਦੂਜੇ ਪਿੰਡ ਚਲੇ ਗਏ। ਸਾਧੂ ਨੇ ਆਪਣੇ ਗਿਆਨ ਦਾ ਭੰਡਾਰ ਖੋਲ੍ਹਣ ਦਾ ਵਧੀਆ ਮੌਕਾ ਜਾਣਿਆ। ਮੌਤ ਬਾਰੇ ਪੌਰਾਣਿਕ ਕਥਾਵਾਂ ਸੁਣਾ ਕੇ ਬੱਚਿਆਂ ਨੂੰ ਡਰਾਉਣ ਤੇ ਆਪਣੀ ਵਿਦਵਤਾ ਦਾ ਸਿੱਕਾ ਜਮਾਉਣ ਦਾ ਇਹੀ ਵੇਲਾ ਸੀ। ਹੁਣ ਉਹਨੂੰ ਦਿਲਾਸੇ ਦਿੰਦਾ ਤੇ ਨਾਮ ਜਪਣ ਲਈ ਆਖ ਰਿਹਾ ਸੀ। ਰਾਤ ਪੈ ਗਈ। ਸਾਰੇ ਪੈ ਗਏ। ਸਾਧੂ ਉਠਣ ਲਗਾ ਮਲਕ ਜਿਹੀ ਬੀਰੇ ਦੇ ਕੰਨ ਵਿਚ ਕਹਿ ਗਿਆ "ਆ ਜਾਈਂ। ਦੁੱਖ ਸੁੱਖ ਕਰਾਂਗੇ।" ਜਦੋਂ ਸਾਰਿਆਂ ਨੇ ਘੁਰਾੜੇ ਮਾਰ ਨੇ ਸ਼ੁਰੂ ਕੀਤੇ ਤਾਂ ਬੀਰੋ ਡਰਦੀ ਡਰਦੀ ਹੌਲੀ ਹੌਲੀ ਚੋਰਾਂ ਵਾਂਗ ਸਾਧ ਦੇ ਕਮਰੇ ਵਿਚ ਪੁੱਜ ਗਈ। ਸਾਧੂ ਨੇ ਉਸ ਨੂੰ ਆਪਣੇ ਪਾਸ ਬਿਠਾ ਕੇ ਆਪਣੇ ਇਸ਼ਕ ਦੀ ਲੰਮੀ ਦਾਸਤਾਂ ਸੁਣਾਈ ਤੇ ਵਾਅਦਾ ਕੀਤਾ "ਤੇਰੇ ਨਾਲ ਹੀ ਵਿਆਹ ਕਰਵਾ ਲੈਣਾ ਹੈ। ਫਿਰ ਆਪਾਂ ਦੋਨੋਂ ਰਮਤੇ ਬਣ ਕੇ ਸਾਰੀ ਦੁਨੀਆਂ ਗਾਹਵਾਂਗੇ। ਸਾਡੇ ਵਰਗਾ ਭਾਗਾਂ ਵਾਲਾ ਕੌਣ ਹੋਵੇਗਾ?" ਬੀਰੋ ਪ੍ਰਸੰਨ ਭਵਿਖ ਦੇ ਰਾਂਗਲੇ ਸੁਪਨੇ ਦੇਖਣ ਲੱਗੀ। ਸਾਧੂ ਨੇ ਫਿਰ ਸਾਰੀਆਂ ਖੁਲ੍ਹਾਂ ਲੈ ਲਈਆਂ। ਤੜਕ ਸਾਰ ਉਹ ਆਪਣੇ ਕਮਰੇ ਵਿਚ ਪੁੱਜ ਕੇ ਅਜੀਬ ਜਿਹੀ ਦਸ਼ਾ ਵਿਚੋਂ ਗੁਜ਼ਰਨ ਲਗੀ। ਉਹ ਸੋਚ ਰਹੀ ਸੀ "ਮੇਰੇ ਵਰਗਾ ਪ੍ਰਸੰਨ ਵੱਡਭਾਗਾ ਕੌਣ ਹੋ ਸਕਦਾ ਹੈ ਜਿਸਨੂੰ ਇੰਨੇ ਵਿਦਵਾਨ ਸਾਧੂ ਦਾ ਪ੍ਰੇਮ ਪਿਆਰ ਤੇ ਆਸਰਾ ਮਿਲਿਆ ਹੈ। ਸਾਰੀ ਉਮਰ ਰਮਤੇ ਰਹਿ ਕੇ ਸੁਖ ਦੇ ਦਿਨ ਦੇਖਦੇ ਭਗਤੀ ਕਰਦੇ ਪ੍ਰਭੂ ਨਾਲ ਇਕ ਮਿਕ ਹੋ ਜਾਵਾਂਗੇ।" ਦੋ ਮਹੀਨੇ ਲੰਘ ਗਏ। ਇਕ ਦਿਨ ਬੇਬੇ ਬਾਪੂ ਖੇਤ ਨੂੰ ਗਏ ਹੋਏ ਸਨ ਤੇ ਬਾਕੀ ਜੀਅ ਆਪਣੇ ਕੰਮਾਂ ਵਿਚ ਰੁਝੇ ਹੋਏ ਸਨ। ਬੀਰੋ ਮਲਕ ਜਿਹੀ ਕੋਠੇ ਤੇ ਗਈ ਤੇ ਕਹਿਣ ਲਗੀ "ਪ੍ਰਾਣਪਤੀ ਜੀ! ਵਧਾਈ! ਵਧਾਈ! ਵਧਾਈ! ਬਾਪੂ ਜੀ ਬਣਨ ਵਾਲੇ ਹੋ। ਹੁਣ ਵੇਲਾ ਹੈ ਕਿਸੇ ਰਾਤ ਇਥੋਂ ਨਿਕਲ ਚਲੀਏ। ਜੇਕਰ ਇਹ ਗੱਲ ਘਰ ਵਾਲਿਆਂ ਨੂੰ ਪਤਾ ਲਗ ਗਈ ਤਾਂ ਉਨ੍ਹਾਂ ਨੇ ਆਪਣੇ ਦੋਨਾਂ ਦੇ ਟੋਟੇ ਕਰ ਦੇਣੇ ਨੇ।" ਇਹ ਸੁਣਦਿਆਂ ਸਾਧੂ ਦੇ ਖਾਨਿਓਂ ਗਈ। ਉਹ ਸੰਭਲ ਕੇ ਕਹਿਣ ਲਗਾ "ਤੈਨੂੰ ਵੀ ਵਧਾਈ ਭਗਵਾਨੇ। ਚਿੰਤਾ ਨਾ ਕਰ। ਹਫਤੇ ਵਿਚ ਇਥੋਂ ਲੱਭਣ ਦਾ ਰਾਹ ਲਭਾਂਗੇ ਤੇ ਫਿਰ ਕਦੇ ਵੀ ਕਿਸੇ ਨੂੰ ਦਿਖਾਈ ਨਹੀਂ ਦਿਆਂਗੇ।" ਬੀਰੋ ਪ੍ਰਸੰਨ ਸੀ। ਸਾਧੂ ਦੇ ਚਰਨੀਂ ਹੱਥ ਲਗਾਇਆ। ਚਰਨ ਧੂੜ ਮੱਕੇ ਨੂੰ ਲਗਾਈ ਤਾਂ ਸਾਧੂ ਨੇ ਉਸ ਨੂੰ ਆਪਣੀ ਹਿੱਕ ਨਾਲ ਲਗਾ ਕੇ ਦਿਲਾਸਾ ਦਿਤਾ। ਜਦੋਂ ਸਵੇਰੇ ਬੀਰੋ ਉਠੀ ਤਾ ਸਾਧੂ ਗਾਇਬ ਸੀ। ਉਹ ਘਾਬਰ ਗਈ। ਸਾਰਾ ਦਿਨ ਉਡੀਕਦੀ ਰਹੀ ਪਰ ਉਹ ਨਾ ਪਰਤਿਆ। ਸੋਚਣ ਲਗੀ ਸ਼ਾਇਦ ਬੰਦੇ ਬਸਤ ਕਰਨ ਗਿਆ ਹੋਣਾ ਹੈ। ਪਰ ਉਹ ਕਈ ਦਿਨ ਨਾ ਪਰਤਿਆ। ਲੰਮੀ ਸੋਚ ਵਿਚਾਰ ਕਰਨ ਮਗਰੋਂ ਉਹਨੇ ਸਭ ਕੁਝ ਆਪਣੀ ਮਾਂ ਨੂੰ ਦੱਸਿਆ। ਉਹ ਦੁਹੱਥੜ ਮਾਰ ਕੇ ਪਿਟਣ ਲਗੀ। ਮਾਂ ਨੇ ਬਾਪੂ ਨੂੰ ਤੇ ਬਾਪੂ ਨੇ ਸਭ ਮੁੰਡਿਆਂ ਨੂੰ ਦੱਸ ਦਿਤਾ। ਘਰ ਵਿਚ ਜ਼ਹਿਰੀਲਾ ਵਾਤਾਵਰਣ ਬਣ ਗਿਆ। ਅਗਲੀ ਭਲਕ ਬੀਰੋ ਵਾਂਢੇ ਭੇਜ ਦਿਤੀ ਗਈ। ਮੁੜ ਕਦੇ ਵਿਚਾਰੀ ਪਰਤ ਕੇ ਆਪਣੇ ਪਿੰਡ ਨਾ ਆ ਸਕੀ। ਮਾਂ ਰੁਦਨ ਕਰਨ ਲਗੀ। ਧੀਆਂ ਦਾ ਮੋਹ ਉਹਦੇ ਅੰਦਰੋਂ ਕੀਰਨੇ ਬਣ ਕੇ ਫੁੱਟਿਆ। ਉਹਦੇ ਬੋਲ ਸੁਣ ਕੇ ਕੰਧਾਂ ਵੀ ਰੋਣ ਲਗੀਆਂ। ਸਾਰਾ ਪਿੰਡ ਅਫਸੋਸ ਕਰਨ ਲਈ ਆ ਗਿਆ। ਲੰਬਰਦਾਰ ਨੀਵੀਂ ਪਾਈ ਦੱਸ ਰਿਹਾ ਸੀ "ਵਿਚਾਰੀ ਦਾ ਕਾਲ ਈ ਆ ਗਿਆ ਸਮਝੋ। ਸਾਰੇ ਘਰ ਹਾਜ਼ਰ ਸਨ ਪਰ ਉਸ ਨੂੰ ਸ

ਸੰਪਾਦਕੀ

ਭਾਰਤ ਦਾ ਵਧ ਰਿਹਾ ਮੈਡੀਕਲ ਤਕਨਾਲੋਜੀ ਖੇਤਰ ਬਿਹਤਰ ਸਿਹਤ ਸੰਭਾਲ

ਭਾਰਤ ਦਾ ਵਧ ਰਿਹਾ ਮੈਡੀਕਲ ਤਕਨਾਲੋਜੀ ਖੇਤਰ ਬਿਹਤਰ ਸਿਹਤ ਸੰਭਾਲ ਅਤੇ ਵੈਂਟੀਲੇਟਰਾਂ, ਬਲੱਡ ਪ੍ਰੈਸ਼ਰ ਮੌਨੀਟਰਾਂ ਅਤੇ ਕੋਰੋਨਰੀ ਸਟੈਂਟਸ ਵਰਗੇ ਜ਼ਰੂਰੀ ਉਪਕਰਨਾਂ ਤੱਕ ਆਸਾਨ ਪਹੁੰਚ ਦਾ ਭਰੋਸਾ ਦਿੰਦਾ ਹੈ। ਇਸ ਦੇ ਬਾਵਜੂਦ ਮੈਡੀਕਲ ਉਪਕਰਨਾਂ ਨਾਲ ਜੁੜੀਆਂ ਗੰਭੀਰ ਘਟਨਾਵਾਂ ਵਿੱਚ ਚਿੰਤਾਜਨਕ ਵਾਧਾ ਇਹ ਜ਼ਰੂਰੀ ਸਵਾਲ ਖੜ੍ਹਾ ਕਰਦਾ ਹੈ ਕਿ ਕੀ ਮਰੀਜ਼ਾਂ ਦੀ ਸੁਰੱਖਿਆ ਉੱਤੇ ਓਨਾ ਧਿਆਨ ਦਿੱਤਾ ਜਾ ਰਿਹਾ ਹੈ, ਜਿਸ ਦੇ ਉਹ ਹੱਕਦਾਰ ਹਨ? ਸੂਚਨਾ ਕਮਿਸ਼ਨ ਦੇ ਹੁਕਮਾਂ ਤੋਂ ਬਾਅਦ ਭਾਰਤੀ ਫਾਰਮਾਕੋਪੀਆ ਕਮਿਸ਼ਨ (ਆਈ ਪੀ ਸੀ) ਵੱਲੋਂ ਜਾਰੀ ਕੀਤੇ ਗਏ ਅੰਕੜਿਆਂ ਮੁਤਾਬਿਕ ਸਾਲ 2020 ਤੋਂ ਲੈ ਕੇ ਹੁਣ ਤੱਕ ਮੈਡੀਕਲ ਉਪਕਰਨਾਂ ਨਾਲ ਜੁੜੀਆਂ 9,300 ਤੋਂ ਵੱਧ ਗੰਭੀਰ ਘਟਨਾਵਾਂ ਵਾਪਰ ਚੁੱਕੀਆਂ ਹਨ। ਸਾਲਾਨਾ ਦਰਜ ਕੀਤੇ ਗਏ ਮਾਮਲੇ 2020 ਵਿੱਚ 808 ਤੋਂ ਵਧ ਕੇ 2025 ਵਿੱਚ ਲਗਪਗ ਤਿੰਨ ਗੁਣਾ ਹੋ ਗਏ ਸਨ। ਇਸ ਤੋਂ ਵੀ ਵੱਧ ਫ਼ਿਕਰਮੰਦੀ ਦੀ ਗੱਲ ਇਹ ਹੈ ਕਿ ਆਈ ਪੀ ਸੀ ਨੇ ਵਪਾਰਕ ਗੁਪਤਤਾ ਦੇ ਹਵਾਲੇ ਨਾਲ ਨਿਰਮਾਤਾਵਾਂ ਦੇ ਨਾਵਾਂ ਅਤੇ ਉਪਕਰਨਾਂ ਨਾਲ ਜੁੜੇ ਵੇਰਵਿਆਂ ਨੂੰ ਜਨਤਕ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਭਾਵੇਂ ਹਰ ਦਰਜ ਕੀਤੀ ਗਈ ਘਟਨਾ ਨਿਰਮਾਤਾ ਦੀ ਜ਼ਿੰਮੇਵਾਰੀ ਨੂੰ ਸਾਬਿਤ ਨਹੀਂ ਕਰਦੀ ਪਰ ਜਾਣਕਾਰੀ ਨੂੰ ਲੁਕਾਉਣਾ ਪਾਰਦਰਸ਼ਤਾ ਅਤੇ ਜਵਾਬਦੇਹੀ ਨੂੰ ਕਮਜ਼ੋਰ ਕਰਦਾ ਹੈ। ਮਰੀਜ਼ਾਂ ਨੂੰ ਇਹ ਜਾਣਨ ਦਾ ਪੂਰਾ ਹੱਕ ਹੈ ਕਿ ਕਿਹੜੇ ਖ਼ਾਸ ਉਤਪਾਦ ਵਾਰ-ਵਾਰ ਸੁਰੱਖਿਆ ਨੂੰ ਲੈ ਕੇ ਸਵਾਲਾਂ ਦੇ ਘੇਰੇ ਵਿੱਚ ਆ ਰਹੇ ਹਨ।

ਸਿਹਤ ਸੇਵਾਵਾਂ ਦੇ ਡਾਇਰੈਕਟੋਰੇਟ ਜਨਰਲ ਦੇ ਹਾਲ ਹੀ ਵਿੱਚ ਆਏ ਹੁਕਮਾਂ ਦੇ ਮੱਦੇਨਜ਼ਰ ਇਹ ਮੁੱਦਾ ਹੋਰ ਵੀ ਗੰਭੀਰ ਬਣ ਜਾਂਦਾ ਹੈ, ਜਿਸ ਵਿੱਚ ਇੱਕ ਵਾਰ ਵਰਤੇ ਜਾਣ ਵਾਲੇ (ਸਿੰਗਲ-ਯੂਜ਼) ਮੈਡੀਕਲ ਉਪਕਰਨਾਂ ਦੀ ਬਿਨਾਂ ਇਜਾਜ਼ਤ ਮੁੜ ਵਰਤੋਂ ਕਰਨ 'ਤੇ ਪਾਬੰਦੀ ਲਗਾਈ ਗਈ ਹੈ। ਅਜਿਹੇ ਉਤਪਾਦਾਂ ਨੂੰ ਰੀਪ੍ਰੋਸੈਸ ਯਾਨੀ ਸਾਫ਼ ਕਰ ਕੇ ਵਰਤਣ ਨਾਲ ਲਾਗ ਦਾ ਖ਼ਤਰਾ ਵਧ ਜਾਂਦਾ ਹੈ, ਉਪਕਰਨਾਂ ਦੀ ਕਾਰਜਕੁਸ਼ਲਤਾ ਪ੍ਰਭਾਵਿਤ ਹੁੰਦੀ ਹੈ ਅਤੇ ਇੱਥੋਂ ਤੱਕ ਕਿ ਉਪਕਰਨ ਨਾਕਾਰਾ ਵੀ ਹੋ ਸਕਦੇ ਹਨ। ਇਸ ਲਈ ਹਸਪਤਾਲਾਂ ਨੂੰ ਨਿਰਮਾਤਾਵਾਂ ਦੀਆਂ ਹਦਾਇਤਾਂ ਦੀ ਸਖ਼ਤੀ ਨਾਲ ਪਾਲਣਾ ਕਰਨੀ ਚਾਹੀਦੀ ਹੈ। ਇਸ ਤੋਂ ਇਲਾਵਾ ਹਸਪਤਾਲਾਂ 'ਤੇ ਪੁਰਾਣੇ ਉਪਕਰਨਾਂ ਦੀ ਮੁੜ ਵਰਤੋਂ ਕਰਨ ਦੇ ਬਾਵਜੂਦ ਮਰੀਜ਼ਾਂ ਤੋਂ ਨਵੇਂ ਉਪਕਰਨਾਂ ਦੇ ਪੈਸੇ ਵਸੂਲਣ ਸਬੰਧੀ ਲੱਗਦੇ ਦੋਸ਼ਾਂ ਦੀ ਵੀ ਡੂੰਘਾਈ ਨਾਲ ਜਾਂਚ ਹੋਣੀ ਚਾਹੀਦੀ ਹੈ।

ਸਿਹਤ ਮੰਤਰਾਲੇ ਦਾ ਦਵਾਈਆਂ ਅਤੇ ਮੈਡੀਕਲ ਉਪਕਰਨਾਂ ਲਈ ਅਧਿਕਾਰਤ ਦਰਾਮਦ ਰਸਤਿਆਂ ਨੂੰ ਵਧਾਉਣ ਦਾ ਸੁਝਾਅ ਸਪਲਾਈ ਦੇ ਪ੍ਰਬੰਧਾਂ ਨੂੰ ਬਿਹਤਰ ਬਣਾ ਸਕਦਾ ਹੈ, ਆਵਾਜਾਈ ਦੇ ਖ਼ਰਚੇ ਘਟਾ ਸਕਦਾ ਹੈ ਅਤੇ ਸਮੇਂ ਸਿਰ ਮਾਲ ਪਹੁੰਚਾਉਣ ਵਿੱਚ ਮਦਦਗਾਰ ਹੋ ਸਕਦਾ ਹੈ। ਇਸ ਦੇ ਨਾਲ ਹੀ ਤੇਜ਼ੀ ਨਾਲ ਦਰਾਮਦ ਅਤੇ ਸੌਖੀਆਂ ਮਨਜ਼ੂਰੀਆਂ ਦੇ ਨਾਲ-ਨਾਲ ਸਖ਼ਤ ਮਿਆਰੀ ਜਾਂਚ, ਉਤਪਾਦ ਦੇ ਪਿਛੋਕੜ ਦੀ ਪੜਤਾਲ ਅਤੇ ਬਾਜ਼ਾਰ ਵਿੱਚ ਆਉਣ ਮਗਰੋਂ ਨਿਗਰਾਨੀ ਵੀ ਬਹੁਤ ਜ਼ਰੂਰੀ ਹੈ। ਭਾਰਤ ਨੂੰ ਸਿਹਤ ਸੰਭਾਲ ਖੇਤਰ ਵਿੱਚ ਨਾ ਤਾਂ ਕਿਸੇ ਗੁਪਤਤਾ ਦੀ ਲੋੜ ਹੈ ਅਤੇ ਨਾ ਹੀ ਕਾਨੂੰਨੀ ਨੇਮਾਂ ਵਿੱਚ ਕਿਸੇ ਤਰ੍ਹਾਂ ਦੀ ਢਿੱਲ-ਮੱਠ ਦੀ। ਰੈਗੂਲੇਟਰਾਂ ਨੂੰ ਸ਼ਿਕਾਇਤਾਂ ਦੀ ਫੌਰੀ ਜਾਂਚ ਕਰਨੀ ਚਾਹੀਦੀ ਹੈ, ਦੇਖ-ਰੇਖ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ ਅਤੇ ਨੇਮਾਂ ਦੀ ਉਲੰਘਣਾ ਸਾਬਿਤ ਹੋਣ 'ਤੇ ਹਸਪਤਾਲਾਂ ਦੇ ਨਾਲ-ਨਾਲ ਨਿਰਮਾਤਾਵਾਂ ਨੂੰ ਵੀ ਕਟਹਿਰੇ ਵਿੱਚ ਖੜ੍ਹਾ ਕਰਨਾ ਚਾਹੀਦਾ ਹੈ। ਕਿਸੇ ਵੀ ਮਰੀਜ਼ ਲਈ ਵਰਤੇ ਜਾਣ ਵਾਲੇ ਮੈਡੀਕਲ ਉਪਕਰਨ ਦੀ ਸੁਰੱਖਿਆ ਅਤੇ ਭਰੋਸੇਯੋਗਤਾ ਨਾਲ ਕਿਸੇ ਕਿਸਮ ਦਾ ਸਮਝੌਤਾ ਨਹੀਂ ਕੀਤਾ ਜਾਣਾ ਚਾਹੀਦਾ।

ਡਾ. ਰਵਜੋਤ ਸਿੰਘ ਵੱਲੋਂ ਹਲਕਾ ਸ਼ਾਮਚੁਰਾਸੀ ਦੀਆਂ ਪੰਚਾਇਤਾਂ ਨੂੰ ਵਿਕਾਸ ਕਾਰਜਾਂ ਲਈ 1.16 ਕਰੋੜ ਰੁਪਏ ਦੀ ਗ੍ਰਾਂਟ ਜਾਰੀ



ਹੁਸ਼ਿਆਰਪੁਰ, 14 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਹਲਕਾ ਸ਼ਾਮ ਚੁਰਾਸੀ ਦੇ ਪਿੰਡਾਂ ਦੇ ਸਰਵਪੱਖੀ ਵਿਕਾਸ ਨੂੰ ਹੋਰ ਗਤੀ ਦੇਣ ਦੇ ਮਕਸਦ ਨਾਲ ਅੱਜ ਹਲਕੇ ਦੀਆਂ ਵੱਖ-ਵੱਖ ਗ੍ਰਾਮ ਪੰਚਾਇਤਾਂ ਨੂੰ ਵਿਕਾਸ ਕਾਰਜਾਂ ਲਈ 1.16 ਕਰੋੜ ਰੁਪਏ ਦੀ ਗ੍ਰਾਂਟ ਦੇ ਚੈੱਕ ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਵੱਲੋਂ ਪੰਚਾਇਤਾਂ ਦੇ ਨੁਮਾਇੰਦਿਆਂ ਨੂੰ ਸੌਂਪੇ ਗਏ।

ਪੰਚਾਇਤਾਂ ਨੂੰ ਗ੍ਰਾਂਟਾਂ ਦੇ ਚੈੱਕ ਸੌਂਪਦਿਆਂ ਜੇਲਾਂ ਅਤੇ ਪ੍ਰਵਾਸੀ ਭਾਰਤੀ ਮਾਮਲੇ ਮੰਤਰੀ ਡਾ. ਰਵਜੋਤ ਸਿੰਘ ਨੇ ਕਿਹਾ ਕਿ ਇਸ ਰਾਸ਼ੀ ਨਾਲ ਹਲਕੇ ਦੇ ਵੱਖ-ਵੱਖ ਪਿੰਡਾਂ ਵਿੱਚ ਲੰਬੇ ਸਮੇਂ ਤੋਂ ਰੁਕੇ ਹੋਏ ਵਿਕਾਸ ਕਾਰਜਾਂ ਨੂੰ ਤੇਜ਼ੀ ਨਾਲ ਨੇਪਰੇ ਚਾੜ੍ਹਿਆ ਜਾਵੇਗਾ। ਉਨ੍ਹਾਂ ਕਿਹਾ ਕਿ ਪਿੰਡਾਂ ਵਿੱਚ ਬੁਨਿਆਦੀ ਸਹੂਲਤਾਂ ਨੂੰ ਹੋਰ ਬਿਹਤਰ ਬਣਾਉਣ, ਲੋਕਾਂ ਦੇ ਮਸਲਿਆਂ ਦਾ ਹੱਲ ਕਰਨ ਅਤੇ ਪਿੰਡਾਂ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਇਹ ਗ੍ਰਾਂਟਾਂ ਲਾਹੇਵੰਦ ਸਾਬਤ ਹੋਣਗੀਆਂ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਪਿੰਡਾਂ ਦੇ ਵਿਕਾਸ ਅਤੇ ਲੋਕਾਂ ਨੂੰ ਬਿਹਤਰ ਸਹੂਲਤਾਂ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ ਜਿਸ ਤਹਿਤ ਵਿਕਾਸ ਕਾਰਜਾਂ ਲਈ ਫੰਡਾਂ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ।

ਡਾ. ਰਵਜੋਤ ਸਿੰਘ ਨੇ ਕਿਹਾ ਕਿ ਕਿਸੇ ਵੀ ਪਿੰਡ ਦਾ ਕੰਮ ਅਧੂਰਾ ਨਹੀਂ ਰਹਿਣ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਗ੍ਰਾਮ ਪੰਚਾਇਤਾਂ ਪਿੰਡਾਂ ਦੇ ਵਿਕਾਸ ਦੀ ਅਹਿਮ ਕੜੀ ਹਨ ਅਤੇ ਪੰਚਾਇਤਾਂ ਦੇ ਸਹਿਯੋਗ ਨਾਲ ਪਿੰਡਾਂ ਦੀਆਂ ਜ਼ਰੂਰਤਾਂ ਅਨੁਸਾਰ ਵਿਕਾਸ ਕਾਰਜ ਕਰਵਾਏ ਜਾਣਗੇ। ਉਨ੍ਹਾਂ ਕਿਹਾ ਕਿ ਪੰਚਾਇਤਾਂ ਨੂੰ ਮਿਲਣ ਵਾਲੀ ਇਸ ਗ੍ਰਾਂਟ ਦੀ ਸਹੀ ਅਤੇ ਪਾਰਦਰਸ਼ੀ ਢੰਗ ਨਾਲ ਵਰਤੋਂ ਕਰਕੇ ਲੋਕਾਂ ਨੂੰ ਇਸ ਦਾ ਸਿੱਧਾ ਲਾਭ ਪਹੁੰਚਾਉਣਾ ਯਕੀਨੀ ਬਣਾਇਆ ਜਾਵੇ। ਉਨ੍ਹਾਂ ਕਿਹਾ ਕਿ ਪਿੰਡਾਂ ਵਿੱਚ ਸੜਕਾਂ, ਗਲੀਆਂ ਅਤੇ ਹੋਰ ਜ਼ਰੂਰੀ ਬੁਨਿਆਦੀ ਸਹੂਲਤਾਂ ਦੇ ਸੁਧਾਰ ਨਾਲ ਲੋਕਾਂ ਦੇ ਜੀਵਨ ਪੱਧਰ ਵਿੱਚ ਵੀ ਵਾਧਾ ਹੋਵੇਗਾ।

ਡਾ. ਰਵਜੋਤ ਸਿੰਘ ਨੇ ਵਿਕਾਸ ਕਾਰਜਾਂ ਲਈ ਗ੍ਰਾਂਟਾਂ ਜਾਰੀ ਕਰਨ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਵਿਸ਼ੇਸ਼ ਧੰਨਵਾਦ ਕਰਦਿਆਂ ਕਿਹਾ ਕਿ ਹਲਕਾ ਸ਼ਾਮ ਚੁਰਾਸੀ ਦੇ ਵਿਕਾਸ ਕਾਰਜਾਂ ਨੂੰ ਤਰਜੀਹ ਦੇ ਆਧਾਰ 'ਤੇ ਹੱਲ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੀ ਅਗਵਾਈ ਹੇਠ ਹਲਕਾ ਸ਼ਾਮ ਚੁਰਾਸੀ ਦੇ ਪਿੰਡਾਂ ਦਾ ਸਰਵਪੱਖੀ ਵਿਕਾਸ ਕਰਵਾਉਣ ਲਈ ਯਤਨ ਲਗਾਤਾਰ ਜਾਰੀ ਰਹਿਣਗੇ ਅਤੇ ਲੋਕਾਂ ਦੀਆਂ ਬੁਨਿਆਦੀ ਲੋੜਾਂ ਨੂੰ ਪਹਿਲ ਦੇ ਆਧਾਰ 'ਤੇ ਪੂਰਾ ਕੀਤਾ ਜਾਵੇਗਾ।

ਰਾਹੁਲ ਗਾਂਧੀ ਦੀ ਪੰਜਾਬ ਫੇਰੀ ਨਾਲ ਕਾਂਗਰਸੀ ਵਰਕਰਾਂ ਦੇ ਹੌਂਸਲੇ ਹੋਏ ਬੁਲੰਦ : ਮਹੰਤ ਖਨੌੜਾ



ਪਟਿਆਲਾ, 14 ਨਵੰਬਰ
ਅਮਰਜੀਤ ਸਿੰਘ
-ਕੌਮੀ ਪੱਤ੍ਰਿਕਾ ਬਿਊਰੋ-

ਕਾਂਗਰਸ ਦੇ ਨਵੇਂ ਥਾਪੇ ਪ੍ਰਧਾਨ ਪ੍ਰਗਟ ਸਿੰਘ ਦੇ ਬਣਨ ਉਪਰੰਤ ਸੰਗਰੂਰ ਵਿਖੇ ਹੋਈ ਵੱਡੀ ਰੈਲੀ ਵਿੱਚ ਕਾਂਗਰਸ ਦੇ ਸੁਪਰੀਮੋ ਰਾਹੁਲ ਗਾਂਧੀ ਦੇ ਆਉਣ ਨਾਲ ਪੰਜਾਬ ਦੇ ਕਾਂਗਰਸੀ ਵਰਕਰਾਂ ਦੇ ਹੌਂਸਲੇ ਬੁਲੰਦ ਹੋਏ ਹਨ ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਪਟਿਆਲਾ ਦਿਹਾਤੀ ਹਲਕੇ ਦੇ ਸੀਨੀਅਰ ਕਾਂਗਰਸੀ ਆਗੂ ਮਹੰਤ ਹਰਵਿੰਦਰ ਖਨੌੜਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕੀਤਾ ਖਨੌੜਾ ਨੇ ਕਿਹਾ ਕਿ ਰੈਲੀ ਦੇ ਇਕੱਠ ਨੇ ਇਹ ਸਾਬਤ ਕਰ ਦਿੱਤਾ ਕਿ ਪੰਜਾਬ ਦੇ ਲੋਕ ਭਵਿੱਖ ਵਿੱਚ ਆ ਰਹੀਆਂ 2027 ਦੀਆਂ ਚੋਣਾਂ ਵਿੱਚ ਕਾਂਗਰਸ ਪਾਰਟੀ ਦੀ ਸਰਕਾਰ ਦੇਖਣਾ ਚਾਹੁੰਦੇ ਹਨ ਤਾਂ ਜੋ ਪੰਜਾਬ ਨੂੰ ਲੁੱਟਣ ਵਾਲੇ ਸ਼੍ਰੋਮਣੀ ਅਕਾਲੀ ਦਲ ਭਾਜਪਾ ਤੇ ਆਪ ਦਾ ਸੁਫੜਾ ਸਾਫ ਕੀਤਾ ਜਾ ਸਕੇ ਉਹਨਾਂ ਕਿਹਾ ਕਿ ਆਪ ਦੀ ਸਰਕਾਰ ਸਮੇਂ ਸੂਬੇ ਸਿਰ ਕਰਜ਼ੇ ਦੀ ਬੋਝ ਵਾਲੀ ਭੰਡ ਹੋਰ ਭਾਰੀ ਹੋਈ ਹੈ ਜਿਸਦਾ ਖਮਿਆਜਾ ਪੰਜਾਬ ਦੇ ਲੋਕਾਂ ਨੂੰ ਭੁਗਤਣਾ ਪੈ ਰਿਹਾ ਹੈ ਮਹੰਤ ਖਨੌੜਾ ਨੇ ਕਿਹਾ ਕੀ ਕਾਂਗਰਸ ਦੇ ਰਾਜ ਸਮੇਂ ਪੰਜਾਬ ਦੇ ਸਮੁੱਚੇ ਵਰਗਾਂ ਦਾ ਬਰਾਬਰ ਮਾਨ ਸਨਮਾਨ ਕੀਤਾ ਗਿਆ ਹੈ ਪਰ ਜਦੋਂ ਤੋਂ ਇਹ ਆਮ ਆਦਮੀ ਪਾਰਟੀ ਸੂਬੇ ਅੰਦਰ ਆਈ ਹੈ ਇਸ ਨੇ ਲੋਕਾਂ ਨਾਲ ਝੂਠੇ ਵਾਅਦੇ ਕਰਨ ਤੋਂ ਇਲਾਵਾ ਕੋਈ ਕਾਰਜ ਨਹੀਂ ਕੀਤਾ ਉਹਨਾ ਕਿਹਾ ਕਿ ਸੂਬੇ ਅੰਦਰ ਕਾਂਗਰਸ ਪਾਰਟੀ ਨੇ ਪਿੰਡਾਂ ,ਸ਼ਹਿਰਾਂ, ਕਸਬਿਆਂ ਅੰਦਰ ਵਿਕਾਸ ਕਾਰਜ ਕਰਵਾ ਕੇ ਵੱਡੇ ਮੀਲ ਪੱਥਰ ਸਾਬਤ ਕੀਤੇ ਹਨ ਉਹਨਾਂ ਕਿਹਾ ਕਿ ਸੂਬੇ ਅੰਦਰ ਕਾਂਗਰਸ ਪਾਰਟੀ ਦੇ ਆਗੂਆਂ ਨੂੰ ਆਪ ਸਰਕਾਰ ਦੀ ਸਹਿ ਤੇ ਬਿਜਲੀਂਸ ਮਗਰ ਲਗਕੇ ਬਿਨਾਂ ਵਜਾ ਤੰਗ ਪਰੇਸ਼ਾਨ ਕੀਤਾ ਗਿਆ ਅਤੇ ਹੁਣ ਆਪ ਈਡੀ ਦੀਆਂ ਰੇਡਾਂ ਤੋਂ ਇਹਨਾਂ ਨੂੰ ਘਬਰਾਹਟ ਕਿਉਂ ਮਹਿਸੂਸ ਹੋ ਰਹੀ ਹੈ ਇਹ ਵੀ ਸੂਬੇ ਦੇ ਲੋਕ ਬਾਰ ਬਾਰ ਪੁੱਛ ਰਹੇ ਹਨ ਉਹਨਾਂ ਕਿਹਾ ਕਿ ਜਿਹੜੀ ਸਰਕਾਰ ਲੋੜਵੰਦ ਘਰ ਪਾਉਣ ਵਾਲਿਆਂ ਨੂੰ ਮੁਫਤ ਰੇਤਾ ਦੇਣ ਦੀਆਂ ਗੱਲਾਂ ਕਰਦੀ ਸੀ ਉਹ ਵਾਅਦੇ ਹੁਣ ਹਵਾ ਹੋ ਕੇ ਰਹਿ ਗਏ ਗਰੀਬ ਲੋੜਵੰਦ ਨੂੰ ਆਪਣਾ ਘਰ ਪਾਉਣਾ ਬੇਹੱਦ ਮੁਸ਼ਕਿਲ ਹੈ ਅਤੇ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ ਉਹਨਾਂ ਨੇ ਕਿਹਾ ਕਿ ਕਾਂਗਰਸ ਪਾਰਟੀ ਸੂਬੇ ਅੰਦਰੋਂ ਸ਼੍ਰੋਮਣੀ ਅਕਾਲੀ ਦਲ ਭਾਜਪਾ ਅਤੇ ਆਪ ਨੂੰ ਚੱਲਦਾ ਕਰਨ ਲਈ ਇੱਕ ਮੁੱਠਾ ਹੈ ਅਤੇ ਜੰਗੀ ਪੱਧਰ ਤੇ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਦੀ ਤਿਆਰੀ ਬੂਥ ਪੱਧਰ ਤੇ ਕਰਨੀ ਸ਼ੁਰੂ ਕਰ ਦਿੱਤੀ ਹੈ ਤਾਂ ਜੋ ਲੋਕਾਂ ਨੂੰ ਪਤਾ ਚੱਲ ਸਕੇ ਕਿ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਭਾਜਪਾ ਲੁੱਟਦੀ ਰਹੀ ਅਤੇ ਹੁਣ ਉਹਨਾਂ ਦੀ ਭਾਈਵਾਲ ਪਾਰਟੀ ਵਜੋਂ ਕੰਮ ਕਰ ਰਹੀ ਆਮ ਆਦਮੀ ਪਾਰਟੀ ਪੰਜਾਬ ਨੂੰ ਲੁੱਟਣ ਅਤੇ ਕੁੱਟਣ ਤੇ ਲੱਗੀ ਹੋਈ ਹੈ।

ਪਰਾਲੀ ਪ੍ਰਬੰਧਨ ਲਈ ਕਿਸਾਨਾਂ ਨੂੰ ਪ੍ਰੇਰਿਤ ਕਰਨ ਪਿੰਡ ਕੁੱਪ ਖੁਰਦ ਅਤੇ ਜਿੱਤਵਾਲ ਪੁੱਜਾ ਜ਼ਿਲ੍ਹਾ ਪ੍ਰਸ਼ਾਸਨ; ਡਿਪਟੀ ਕਮਿਸ਼ਨਰ ਤੇ ਐੱਸ.ਐੱਸ.ਪੀ. ਵੱਲੋਂ ਕਿਸਾਨਾਂ ਨਾਲ ਕੀਤੀ ਗੱਲਬਾਤ



ਮਲੇਰਕੋਟਲਾ, 14 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪਰਾਲੀ ਸਾੜਨ ਦੀਆਂ ਘਟਨਾਵਾਂ ਨੂੰ ਰੋਕਣ ਅਤੇ ਕਿਸਾਨਾਂ ਨੂੰ ਵਾਤਾਵਰਣ ਦੀ ਸੰਭਾਲ ਲਈ ਲਾਮਬੰਦ ਕਰਨ ਦੇ ਉਦੇਸ਼ ਨਾਲ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪਿੰਡ ਕੁੱਪ ਕਲਾਂ ਵਿਖੇ ਕਿਸਾਨਾਂ ਨਾਲ ਸਿੱਧਾ ਰਾਬਤਾ ਕਾਇਮ ਕੀਤਾ ਗਿਆ। ਇਸ ਦੌਰਾਨ ਡਿਪਟੀ ਕਮਿਸ਼ਨਰ ਵਿਰਾਜ ਐਸ. ਤਿੜਕੇ ਅਤੇ ਐੱਸ.ਐੱਸ.ਪੀ. ਹਰਕਮਲ ਪ੍ਰੀਤ ਸਿੰਘ ਖੱਖ ਨੇ ਕਿਸਾਨਾਂ ਨੂੰ ਫ਼ਸਲੀ ਰਹਿੰਦ-ਖੂੰਹਦ ਦਾ ਸੁਚੱਜਾ ਪ੍ਰਬੰਧਨ ਅਪਣਾਉਣ ਦੀ ਅਪੀਲ ਕੀਤੀ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਕਿਸਾਨ ਪੰਜਾਬ ਦੀ ਖ਼ੁਸ਼ਹਾਲੀ ਦੇ ਅਸਲ ਸਿਰਜਣਹਾਰ ਹਨ ਅਤੇ ਵਾਤਾਵਰਣ ਦੀ ਸੁਰੱਖਿਆ ਵਿੱਚ ਉਨ੍ਹਾਂ ਦੀ ਭੂਮਿਕਾ ਸਭ ਤੋਂ ਮਹੱਤਵਪੂਰਨ ਹੈ।

ਉਨ੍ਹਾਂ ਕਿਹਾ ਕਿ ਪਰਾਲੀ ਨੂੰ ਅੱਗ ਲਗਾਉਣ ਨਾਲ ਮਿੱਟੀ ਦੇ ਲਾਹੇਵੰਦ ਤੱਤ ਪ੍ਰਭਾਵਿਤ ਹੁੰਦੇ ਹਨ ਅਤੇ ਹਵਾ ਵਿੱਚ ਫੈਲਿਆ ਧੂੰਆਂ ਬੱਚਿਆਂ, ਬਜ਼ੁਰਗਾਂ ਅਤੇ ਸਾਹ ਦੀਆਂ ਬਿਮਾਰੀਆਂ ਤੋਂ ਪੀੜਤ ਵਿਅਕਤੀਆਂ ਲਈ ਮੁਸ਼ਕਲਾਂ ਪੈਦਾ ਕਰਦਾ ਹੈ।

ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਪਰਾਲੀ ਨੂੰ ਖੇਤਾਂ ਵਿੱਚ ਮਿਲਾਉਣ ਜਾਂ ਗੱਠਾਂ ਬਣਵਾ ਕੇ ਇਸ ਦਾ ਸੁਚੱਜਾ ਨਿਪਟਾਰਾ ਕਰਨ। ਇਸ ਸਬੰਧੀ ਮਸ਼ੀਨਰੀ ਅਤੇ ਤਕਨੀਕੀ ਮਾਰਗਦਰਸ਼ਨ ਲਈ ਖੇਤੀਬਾੜੀ ਵਿਭਾਗ ਨਾਲ ਸੰਪਰਕ ਕੀਤਾ ਜਾਵੇ।

ਐੱਸ.ਐੱਸ.ਪੀ. ਹਰਕਮਲ ਪ੍ਰੀਤ ਸਿੰਘ ਖੱਖ ਨੇ ਕਿਹਾ ਕਿ ਗੁਰੂਆਂ-ਪੀਰਾਂ ਦੀਆਂ ਸਿੱਖਿਆਵਾਂ ਸਾਨੂੰ ਮਨੁੱਖਤਾ ਦੀ ਭਲਾਈ, ਕੁਦਰਤ ਪ੍ਰਤੀ ਸਤਿਕਾਰ ਅਤੇ ਸਾਂਝੀ ਜ਼ਿੰਮੇਵਾਰੀ ਦਾ ਸੁਨੇਹਾ ਦਿੰਦੀਆਂ ਹਨ। ਇਨ੍ਹਾਂ ਕਦਰਾਂ-ਕੀਮਤਾਂ ਨੂੰ ਜੀਵਨ ਵਿੱਚ ਅਪਣਾਉਂਦਿਆਂ ਕਿਸਾਨ ਵਾਤਾਵਰਣ ਦੇ ਰਾਖੇ ਬਣਨ।

ਉਨ੍ਹਾਂ ਕਿਹਾ ਕਿ ਖੇਤਾਂ ਵਿੱਚ ਲੱਗੀ ਅੱਗ ਦਾ ਧੂੰਆਂ ਸੜਕਾਂ 'ਤੇ ਦਿੱਖ ਘਟਾ ਕੇ ਹਾਦਸਿਆਂ ਦਾ ਕਾਰਨ ਵੀ ਬਣ ਸਕਦਾ ਹੈ। ਇਸ ਲਈ ਪਰਾਲੀ ਨਾ ਸਾੜਨਾ ਕੇਵਲ ਵਾਤਾਵਰਣ ਦੀ ਸੰਭਾਲ ਨਹੀਂ, ਸਗੋਂ ਅਣਗਿਣਤ ਮਨੁੱਖੀ ਜ਼ਿੰਦਗੀਆਂ ਦੀ ਸੁਰੱਖਿਆ ਨਾਲ ਜੁੜਿਆ ਫ਼ੈਸਲਾ ਹੈ।

ਐੱਸ.ਐੱਸ.ਪੀ. ਨੇ ਕਿਹਾ ਕਿ ਪੁਲਿਸ ਅਤੇ ਸਿਵਲ ਪ੍ਰਸ਼ਾਸਨ ਕਿਸਾਨਾਂ ਦੇ ਸਹਿਯੋਗ ਨਾਲ ਅੱਗ ਲਗਾਉਣ ਦੀਆਂ ਘਟਨਾਵਾਂ ਰੋਕਣ ਲਈ ਯਤਨਸ਼ੀਲ ਹਨ।

ਉਨ੍ਹਾਂ ਕਿਸਾਨਾਂ ਨੂੰ ਸਰਕਾਰੀ ਹਦਾਇਤਾਂ ਦੀ ਪਾਲਣਾ ਕਰਨ ਅਤੇ ਪਰਾਲੀ ਪ੍ਰਬੰਧਨ ਦੇ ਵਾਤਾਵਰਣ ਪੱਖੀ ਤਰ

ਨਾਗਰਿਕ ਦੁਆਰਾ ਪਟਾਕਿਆਂ ਦੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਨ ਸਦਕਾ ਇਸ ਦੀਵਾਲੀ 'ਤੇ ਚੰਡੀਗੜ੍ਹ ਨੇ ਪਿਛਲੇ ਸਾਲਾਂ ਨਾਲੋਂ ਹਵਾ ਦੀ ਗੁਣਵੱਤਾ ਵਿੱਚ ਸੁਧਾਰ ਦਰਜ ਕੀਤਾ

ਚੰਡੀਗੜ੍ਹ, 14 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਹਵਾ ਅਤੇ ਸ਼ੋਰ ਪ੍ਰਦੂਸ਼ਣ ਨੂੰ ਘਟਾਉਣ ਲਈ, ਚੰਡੀਗੜ੍ਹ ਪ੍ਰਸ਼ਾਸਨ ਨੇ ਦੀਵਾਲੀ ਅਤੇ ਹੋਰ ਤਿਉਹਾਰਾਂ ਦੌਰਾਨ ਪਟਾਕਿਆਂ ਦੀ ਵਰਤੋਂ ਲਈ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਸਨ। ਨਿਵਾਸੀਆਂ ਨੂੰ ਦੀਵਾਲੀ ਦੀ ਰਾਤ 8:00 ਵਜੇ ਤੋਂ 10:00 ਵਜੇ ਦੇ ਵਿਚਕਾਰ ਸਿਰਫ਼ ਹਰਿਤ ਪਟਾਕੇ ਚਲਾਉਣ ਦੀ ਇਜਾਜ਼ਤ ਸੀ, ਜੋ ਘੱਟ ਕਣਾਂ ਵਾਲੇ ਪ੍ਰਦੂਸ਼ਕਾਂ ਨੂੰ ਛੱਡਣ ਲਈ ਤਿਆਰ ਕੀਤੇ ਜਾਂਦੇ ਹਨ। ਚੰਡੀਗੜ੍ਹ ਦੇ ਲੋਕਾਂ ਨੇ ਸ਼ਲਾਘਾਯੋਗ ਅਨੁਸ਼ਾਸਨ ਨਾਲ ਜਵਾਬ ਦਿੱਤਾ।

ਦੀਵਾਲੀ ਤੋਂ ਪਹਿਲਾਂ ਦੀ ਸ਼ਾਮ ਸ਼ਾਂਤ ਸੀ, ਅਤੇ ਹਵਾ ਦੀ ਗੁਣਵੱਤਾ ਇੱਕ ਆਮ ਦਿਨ ਦੇ ਮੁਕਾਬਲੇ ਸੀ। ਦੀਵਾਲੀ 'ਤੇ, ਜ਼ਿਆਦਾਤਰ ਨਿਵਾਸੀ ਦੋ ਘੰਟੇ ਦੀ ਖਿੜਕੀ 'ਤੇ ਰਹੇ, ਅਤੇ ਪਟਾਕਿਆਂ ਦੇ ਫਟਣ ਦੀ ਮਾਤਰਾ ਪਿਛਲੇ ਸਾਲਾਂ ਨਾਲੋਂ ਕਾਫ਼ੀ ਘੱਟ ਸੀ।

ਦੋ ਦਿਨਾਂ ਵਿੱਚ ਛੇ ਥਾਵਾਂ 'ਤੇ ਹਵਾ ਦੀ ਗੁਣਵੱਤਾ ਅਤੇ ਸ਼ੋਰ ਦੇ ਪੱਧਰ ਦੀ ਨਿਗਰਾਨੀ ਕੀਤੀ ਗਈ: ਇੱਕ ਆਮ ਦਿਨ (1 ਨਵੰਬਰ 2026) ਅਤੇ ਦੀਵਾਲੀ ਵਾਲੇ ਦਿਨ (8 ਨਵੰਬਰ 2026)। ਹਵਾ ਦੀ ਗੁਣਵੱਤਾ ਨੂੰ ਏਅਰ ਕੁਆਲਿਟੀ ਇੰਡੈਕਸ (ਏਕਿਊਆਈ) ਰਾਹੀਂ ਦਰਸਾਇਆ ਜਾਂਦਾ ਹੈ, ਇੱਕ ਅਜਿਹਾ ਪੈਮਾਨਾ ਜਿਸ ਵਿੱਚ ਉੱਚੇ ਮੁੱਲ ਵਧੇਰੇ ਪ੍ਰਦੂਸ਼ਣ ਨੂੰ ਦਰਸਾਉਂਦੇ ਹਨ।

ਦੀਵਾਲੀ 'ਤੇ, ਹਵਾ ਦੀ ਗੁਣਵੱਤਾ ਰਾਤ 8:00 ਵਜੇ ਤੋਂ ਪਹਿਲਾਂ ਸੰਤੁਸ਼ਟੀਜਨਕ ਸ਼੍ਰੇਣੀ ਵਿੱਚ ਰਹੀ, ਜਦੋਂ ਪਟਾਕੇ ਫਟਣ ਦੀ ਆਗਿਆ ਦਿੱਤੀ ਗਈ ਵਿੰਡੋ ਸ਼ੁਰੂ ਹੋਈ। ਪਟਾਕੇ ਫਟਣ ਤੋਂ ਬਾਅਦ ਏਅਰ ਕੁਆਲਿਟੀ ਇੰਡੈਕਸ (ਏਕਿਊਆਈ) ਵਿੱਚ ਅਸਥਾਈ ਵਾਧਾ ਹੋਣ ਦੀ ਉਮੀਦ ਸੀ। ਕਿਉਂਕਿ ਪਟਾਕੇ ਫਟਣ ਦੀ ਆਗਿਆ ਦਿੱਤੀ ਗਈ ਦੋ ਘੰਟਿਆਂ ਤੱਕ ਸੀਮਤ ਸੀ, ਇਹ ਵਾਧਾ ਥੋੜ੍ਹੇ ਸਮੇਂ ਲਈ ਸੀ। ਖਿੜਕੀ ਬੰਦ ਹੋਣ ਤੋਂ ਤੁਰੰਤ ਬਾਅਦ ਹਵਾ ਦੀ ਗੁਣਵੱਤਾ ਠੀਕ ਹੋਣਾ ਸ਼ੁਰੂ ਹੋ ਗਈ ਅਤੇ 9 ਨਵੰਬਰ 2026 ਨੂੰ ਸਵੇਰੇ 3:00 ਵਜੇ ਤੱਕ ਸੰਤੁਸ਼ਟੀਜਨਕ ਸ਼੍ਰੇਣੀ (ਏਅਰ ਕੁਆਲਿਟੀ ਇੰਡੈਕਸ (ਏਕਿਊਆਈ) 51-100) ਵਿੱਚ ਵਾਪਸ ਆ ਗਈ, ਜਿਸ ਦੀ ਮਦਦ ਅਨੁਕੂਲ ਮੌਸਮੀ ਸਥਿਤੀਆਂ ਨੇ ਕੀਤੀ।

ਚੰਡੀਗੜ੍ਹ ਪ੍ਰਦੂਸ਼ਣ ਕੰਟਰੋਲ ਕਮੇਟੀ (ਸੀਪੀਸੀਸੀ) ਚੰਡੀਗੜ੍ਹ ਦੇ ਨਾਗਰਿਕਾਂ ਦਾ ਉਨ੍ਹਾਂ ਦੇ ਸਮਝਦਾਰੀ ਅਤੇ ਜ਼ਿੰਮੇਵਾਰ ਜਸ਼ਨ ਲਈ ਧੰਨਵਾਦ ਕਰਦਾ ਹੈ।

ਫਟਣ ਦੀ ਵਿੰਡੋ ਦੌਰਾਨ, ਉਮੀਦ ਅਨੁਸਾਰ, ਸਾਰੇ ਛੇ ਸਥਾਨਾਂ 'ਤੇ ਏਅਰ ਕੁਆਲਿਟੀ ਇੰਡੈਕਸ (ਏਕਿਊਆਈ) ਵਧਿਆ। ਇਹ ਸੈਕਟਰ 22 (ਏਅਰ ਕੁਆਲਿਟੀ ਇੰਡੈਕਸ (ਏਕਿਊਆਈ) 158) ਅਤੇ ਸੈਕਟਰ 17 (ਏਅਰ ਕੁਆਲਿਟੀ ਇੰਡੈਕਸ (ਏਕਿਊਆਈ) 170) 'ਤੇਦਰਮਿਆਨੀ ਸ਼੍ਰੇਣੀ ਵਿੱਚ ਰਿਹਾ। ਸੈਕਟਰ 53 (ਏਅਰ ਕੁਆਲਿਟੀ ਇੰਡੈਕਸ (ਏਕਿਊਆਈ) 304), ਇਮਟੈਕ (IMT538) -39 (ਏਅਰ ਕੁਆਲਿਟੀ ਇੰਡੈਕਸ (ਏਕਿਊਆਈ) 310), ਪੰਜਾਬ ਇੰਜੀਨੀਅਰਿਗ ਕਾਲਜ -12 (ਏਅਰ ਕੁਆਲਿਟੀ ਇੰਡੈਕਸ (ਏਕਿਊਆਈ) 312) ਅਤੇ ਸੈਕਟਰ 25 (ਏਅਰ ਕੁਆਲਿਟੀ ਇੰਡੈਕਸ (ਏਕਿਊਆਈ) 326) ਵਿਖੇ, ਇਹ ਥੋੜ੍ਹੇ ਸਮੇਂ ਲਈ ਬਹੁਤ ਮਾੜੀ ਸ਼੍ਰੇਣੀ ਵਿੱਚ ਪਹੁੰਚ ਗਿਆ। ਕੋਈ ਵੀ ਸਥਾਨ ਗੰਭੀਰ ਸ਼੍ਰੇਣੀ ਵਿੱਚ ਨਹੀਂ ਪਹੁੰਚਿਆ। ਇਹ ਵਾਧਾ ਥੋੜ੍ਹੇ ਸਮੇਂ ਲਈ ਸੀ, ਅਤੇ 9 ਨਵੰਬਰ 2026 ਨੂੰ ਸਵੇਰੇ 3:00 ਵਜੇ ਤੱਕ ਹਵਾ ਦੀ ਗੁਣਵੱਤਾ ਸੰਤੁਸ਼ਟੀਜਨਕ ਸ਼੍ਰੇਣੀ ਵਿੱਚ ਵਾਪਸ ਆ ਗਈ। ਸੈਕਟਰ 17, ਸੈਕਟਰ 22 ਅਤੇ ਇਮਟੈਕ (IMT538)-39 ਨੇ ਦੀਵਾਲੀ 2025 ਦੇ ਮੁਕਾਬਲੇ ਬਿਹਤਰ ਹਵਾ ਦੀ ਗੁਣਵੱਤਾ ਦਰਜ ਕੀਤੀ।

ਪਿਛਲੇ ਤਿੰਨ ਸਾਲਾਂ ਦੇ ਮੁਕਾਬਲੇ, 2026 ਵਿੱਚ ਦੀਵਾਲੀ ਦੀ ਹਵਾ ਦੀ ਗੁਣਵੱਤਾ ਜ਼ਿਆਦਾਤਰ ਥਾਵਾਂ 'ਤੇ ਬਿਹਤਰ ਸੀ, ਜੋ ਕਿ ਵਧਦੀ ਵਾਤਾਵਰਣ ਜਾਗਰੂਕਤਾ ਨੂੰ ਦਰਸਾਉਂਦੀ ਹੈ, ਖਾਸ ਕਰਕੇ ਨੌਜਵਾਨਾਂ ਅਤੇ ਸਕੂਲੀ ਬੱਚਿਆਂ ਵਿੱਚ। ਚੰਡੀਗੜ੍ਹ ਪ੍ਰਦੂਸ਼ਣ ਕੰਟਰੋਲ ਕਮੇਟੀ (ਸੀਪੀਸੀਸੀ) ਅਤੇ ਹੋਰ ਹਿਤਧਾਰਕ ਵਾਤਾਵਰਣ-ਅਨੁਕੂਲ ਜਸ਼ਨਾਂ ਲਈ ਆਪਣੀਆਂ ਮੁਹਿੰਮਾਂ ਜਾਰੀ ਰੱਖਣਗੇ, ਜਿਸ ਵਿੱਚ ਸਕੂਲਾਂ ਵਿੱਚ ਹਰਿਤ ਦੀਵਾਲੀ ਪਹਿਲ ਸ਼ਾਮਲ ਹੈ।

ਦੀਵਾਲੀ 'ਤੇ ਸ਼ੋਰ ਦਾ ਪੱਧਰ ਆਮ ਦਿਨ ਨਾਲੋਂ ਵੱਧ ਸੀ, ਜਿਵੇਂ ਕਿ ਫਟਣ ਦੀ ਮਿਆਦ ਦੌਰਾਨ ਉਮੀਦ ਕੀਤੀ ਗਈ ਸੀ। ਰਾਤ 8:00 ਵਜੇ ਤੋਂ ਰਾਤ 10:00 ਵਜੇ ਦੇ ਵਿਚਕਾਰ, ਸਭ ਤੋਂ ਵੱਧ ਪੱਧਰ ਇਮਟੈਕ (IMT538)-39 83.9 ਡੀਬੀ(ਏ) ਅਤੇ ਸਭ ਤੋਂ ਘੱਟ ਪੱਧਰ ਸੈਕਟਰ 53 61.2 ਡੀਬੀ(ਏ) ਦਰਜ ਕੀਤਾ ਗਿਆ।

ਜ਼ਿਆਦਾਤਰ ਥਾਵਾਂ 'ਤੇ, ਆਗਿਆ ਪ੍ਰਾਪਤ ਵਿੰਡੋ ਤੋਂ ਬਾਅਦ ਸ਼ੋਰ ਦਾ ਪੱਧਰ ਹੇਠਾਂ ਆ ਗਿਆ।

ਟਿੰਡਰ ਐਪ ਦੋਸਤੀ ਕਰਕੇ ਬਲੈਕਮੇਲ ਅਤੇ ਲੁੱਟਣ ਵਾਲੀ ਮਾਂ-ਧੀ ਦੀ ਜੋੜੀ ਪੁਲੀਸ ਅੜਿੱਕੇ

ਫਰੀਦਾਬਾਦ, 14 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਟਿੰਡਰ ਐਪ (Tinder) ਰਾਹੀਂ ਲੋਕਾਂ ਨੂੰ ਫਸਾ ਕੇ ਲੁੱਟਣ ਦੇ ਮਾਮਲੇ ਸਬੰਧੀ ਪੁਲੀਸ ਨੇ ਇੱਕ ਅੰਤਰਰਾਜੀ ਗਿਰੋਹ ਦਾ ਪਰਦਾਫਾਸ਼ ਕੀਤਾ ਹੈ। ਪੁਲੀਸ ਨੇ ਇਸ ਸਬੰਧ ਵਿੱਚ ਇੱਕ ਮਾਂ-ਧੀ ਨੂੰ ਗ੍ਰਿਫ਼ਤਾਰ ਕੀਤਾ ਹੈ, ਜੋ ਟਿੰਡਰ ਐਪ ਰਾਹੀਂ ਲੋਕਾਂ ਨਾਲ ਦੋਸਤੀ ਕਰਦੇ ਸਨ, ਲੁੱਟ-ਖੋਹ ਕਰਨ ਲਈ ਉਨ੍ਹਾਂ ਨੂੰ ਨਸ਼ੀਲਾ ਪਦਾਰਥ ਦਿੰਦੇ ਅਤੇ ਜਬਰ-ਜਨਾਹ (ਰੇਪ) ਦੇ ਝੂਠੇ ਕੇਸਾਂ ਵਿੱਚ ਫਸਾਉਣ ਦੀ ਧਮਕੀ ਦੇ ਕੇ ਪੈਸੇ ਵਸੂਲਦੇ ਸਨ।

ਪੁਲਿਸ ਅਨੁਸਾਰ ਮੁਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਦੋਵੇਂ ਮਹਿਲਾ ਮੁਲਜ਼ਮ ਮਾਂ-ਧੀ ਹਨ ਅਤੇ ਉਹ ਬਹੁਤ ਹੀ ਚਲਾਕੀ ਨਾਲ ਆਪਣੇ ਜੁਰਮਾਂ ਨੂੰ ਅੰਜਾਮ ਦਿੰਦੀਆਂ ਸਨ। ਉਹ ਟਿੰਡਰ ਐਪ ਰਾਹੀਂ ਦੋਸਤੀ ਦੀਆਂ ਬੇਨਤੀਆਂ ਭੇਜ ਕੇ ਵਿਅਕਤੀਆਂ ਨੂੰ ਨਿਸ਼ਾਨਾ ਬਣਾਉਂਦੀਆਂ ਸਨ। ਮਿਲਣ ਦੇ ਬਹਾਨੇ,ਉਹ ਪੀੜਤਾਂ ਨੂੰ ਇੱਕ ਹੋਟਲ ਵਿੱਚ ਬੁਲਾਉਂਦੀਆਂ ਸਨ। ਹੋਟਲ ਪਹੁੰਚ ਕੇ,ਦੋਸ਼ੀ ਪੀੜਤਾਂ ਨੂੰ ਨਸ਼ੀਲਾ ਪਦਾਰਥ ਦਿੰਦੀਆਂ ਸਨ,ਉਨ੍ਹਾਂ ਨੂੰ ਲੁੱਟਦੀਆਂ ਸਨ ਅਤੇ ਫਿਰ ਮੌਕੇ ਤੋਂ ਫਰਾਰ ਹੋ ਜਾਂਦੀਆਂ ਸਨ।

ਇਹ ਵੀ ਖੁਲਾਸਾ ਹੋਇਆ ਹੈ ਕਿ ਮਾਂ-ਧੀ ਦੋਵਾਂ ਨੇ ਅਜਿਹੇ ਵਿਅਕਤੀਆਂ ਨੂੰ ਨਿਸ਼ਾਨਾ ਬਣਾਇਆ ਜੋ ਆਰਥਿਕ ਤੌਰ 'ਤੇ ਅਮੀਰ ਜਾਪਦੇ ਸਨ। ਦੋਸ਼ੀ ਇਨ੍ਹਾਂ ਵਿਅਕਤੀਆਂ ਨੂੰ ਧਮਕਾਉਂਦੀਆਂ ਸਨ—ਜਾਂ ਪੁਲੀਸ ਸਟੇਸ਼ਨਾਂ ਵਿੱਚ ਉਨ੍ਹਾਂ ਵਿਰੁੱਧ ਜਬਰ-ਜਨਾਹ ਦੀਆਂ ਝੂਠੀਆਂ ਸ਼ਿਕਾਇਤਾਂ ਦਰਜ ਕਰਵਾਉਂਦੀਆਂ ਸਨ—ਤਾ ਜੋ ਕਾਨੂੰਨੀ ਕਾਰਵਾਈ ਦਾ ਡਰ ਪੈਦਾ ਕੀਤਾ ਜਾ ਸਕੇ।

ਇਸ ਤੋਂ ਬਾਅਦ,ਅਜਿਹੀਆਂ ਸ਼ਿਕਾਇਤਾਂ ਦੀ ਧਮਕੀ ਦੀ ਵਰਤੋਂ ਕਰਕੇ,ਉਹ ਪੀੜਤਾਂ 'ਤੇ ਪੈਸੇ ਦੇਣ ਦਾ ਦਬਾਅ ਪਾਉਂਦੀਆਂ ਸਨ ਅਤੇ ਉਨ੍ਹਾਂ ਤੋਂ ਪੈਸੇ ਵਸੂਲਣ ਦੀ ਕੋਸ਼ਿਸ਼ ਕਰਦੀਆਂ ਸਨ।

ਫਰੀਦਾਬਾਦ ਪੁਲੀਸ ਦੇ ਬੁਲਾਰੇ ਨੇ ਦੱਸਿਆ,ਪੁੱਛਗਿੱਛ ਦੌਰਾਨ ਇਹ ਖੁਲਾਸਾ ਹੋਇਆ ਹੈ ਕਿ ਦੋਸ਼ੀ ਔਰਤਾਂ ਨੇ ਅੰਡੇਮਾਨ,ਸ਼ੁਰਤ ਅਤੇ ਦਿੱਲੀ-ਐੱਨ.ਸੀ.ਆਰ. ਖੇਤਰਾਂ ਵਿੱਚ ਵੀ ਅਜਿਹੀਆਂ ਘਟਨਾਵਾਂ ਨੂੰ ਅੰਜਾਮ ਦਿੱਤਾ ਸੀ। ਅਸੀਂ ਦੋਸ਼ੀਆਂ ਵੱਲੋਂ ਕੀਤੇ ਗਏ ਹੋਰ ਅਪਰਾਧਾਂ ਦਾ ਖੁਲਾਸਾ ਕਰਨ, ਗਿਰੋਹ ਨਾਲ ਜੁੜੇ ਹੋਰ ਵਿਅਕਤੀਆਂ ਦੀ ਪਛਾਣ ਕਰਨ ਅਤੇ ਲੁੱਟ-ਖੋਹ ਅਤੇ ਉਗਰਾਹੀ ਨਾਲ ਸਬੰਧਤ ਮਾਮਲਿਆਂ ਦੀ ਜਾਂਚ ਕਰਨ ਲਈ ਉਨ੍ਹਾਂ ਤੋਂ ਡੂੰਘਾਈ ਨਾਲ ਪੁੱਛਗਿੱਛ ਕਰ ਰਹੇ ਹਾਂ।

'ਗੈਂਗਸਟਰਾਂ 'ਤੇ ਵਾਰ': ਅਫ਼ਰੀਕਾ ਤੋਂ ਪਹਿਲੀ ਸਫ਼ਲ ਡਿਪੋਰਟੇਸ਼ਨ ਕਾਰਵਾਈ ਤਹਿਤ ਪੰਜਾਬ ਪੁਲੀਸ ਨੇ ਭਗੌੜੇ ਗੈਂਗਸਟਰ ਗੁਰਵਿੰਦਰ ਅਫਰੀਦੀ ਨੂੰ ਇਥੋਪੀਆ ਤੋਂ ਵਾਪਸ ਭਾਰਤ ਲਿਆਂਦਾ

➢ 10 ਮਹੀਨੇ ਲੰਮੇ ਮਲਟੀ-ਕੌਂਟੀਨੈਂਟਲ ਮੈਨਹੰਟ ਆਪ੍ਰੇਸ਼ਨ ਅਧੀਨ ਵੱਡੀ ਸਫ਼ਲਤਾ ; 30 ਤੋਂ ਵੱਧ ਅਪਰਾਧਕ ਮਾਮਲਿਆਂ ਵਿੱਚ ਲੋੜੀਂਦਾ ਡੋਨੀ ਬੱਲ-ਪ੍ਰਭ ਦਾਸੂਵਾਲ ਗੈਂਗ ਦਾ ਮੁੱਖ ਸਰਗਨਾ ਇਥੋਪੀਆ 'ਚ ਕਾਬੂ ➢ ਰੈੱਡ ਕਾਰਨਰ ਨੋਟਿਸ, ਸੱਤ ਇੰਟਰਪੋਲ ਰੈਫਰੈਂਸਿਜ਼ ਅਤੇ ਬਹੁ-ਏਜੰਸੀ ਤਾਲਮੇਲ ਸਦਕਾ ਗੁਰਵਿੰਦਰ ਅਫਰੀਦੀ ਦੀ ਡਿਪੋਰਟੇਸ਼ਨ ਸੰਭਵ ਹੋਈ; ਮੁਲਜ਼ਮ ਕਤਲ ਦੇ 5 ਕੇਸਾਂ 'ਚ ਸੀ ਲੋੜੀਂਦਾ: ਡੀਜੀਪੀ ਗੌਰਵ ਯਾਦਵ

ਚੰਡੀਗੜ੍ਹ, 14 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਹੇਠ ਵਿੱਢੀ ਮੁਹਿੰਮ 'ਗੈਂਗਸਟਰਾਂ 'ਤੇ ਵਾਰ' ਤਹਿਤ ਅੰਤਰਰਾਸ਼ਟਰੀ ਸੰਗਠਿਤ ਅਪਰਾਧ ਖ਼ਿਲਾਫ਼ ਵੱਡੀ ਸਫ਼ਲਤਾ ਹਾਸਲ ਕਰਦਿਆਂ, ਪੰਜਾਬ ਪੁਲੀਸ ਦੀ ਐਂਟੀ-ਗੈਂਗਸਟਰ ਟਾਸਕ ਫੋਰਸ (ਏਜੀਟੀਐੱਫ) ਨੇ ਕਾਊਂਟਰ ਇੰਟੈਲੀਜੈਂਸ ਦੇ ਓਵਰਸੀਜ਼ ਫਿਊਜਿਟਿਵ ਟਰੈਕਿੰਗ ਐਂਡ ਐਕਸਟਰਾਡੀਸ਼ਨ ਸੈੱਲ (ਓਐੱਫਟੀਈਸੀ) ਨਾਲ ਨਜ਼ਦੀਕੀ ਤਾਲਮੇਲ ਅਤੇ ਕੇਂਦਰੀ ਏਜੰਸੀਆਂ ਦੇ ਸਹਿਯੋਗ ਨਾਲ ਭਗੌੜੇ ਗੈਂਗਸਟਰ ਗੁਰਵਿੰਦਰ ਸਿੰਘ ਉਰਫ਼ ਅਫਰੀਦੀ ਨੂੰ ਇਥੋਪੀਆ ਤੋਂ ਸਫਲਤਾਪੂਰਵਕ ਡਿਪੋਰਟ ਕਰਵਾ ਲਿਆ ਹੈ।

ਇਹ ਜਾਣਕਾਰੀ ਅੱਜ ਇੱਥੇ ਡਾਇਰੈਕਟਰ ਜਨਰਲ ਆਫ਼ ਪੁਲੀਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ।

ਡੋਨੀ ਬੱਲ-ਪ੍ਰਭ ਦਾਸੂਵਾਲ ਗੈਂਗ ਦਾ ਮੁੱਖ ਸਰਗਨਾ ਗੁਰਵਿੰਦਰ ਉਰਫ਼ ਅਫ਼ਰੀਦੀ, ਜਿਸ ਨੂੰ ਗ੍ਰਿਫ਼ਤਾਰ ਕਰਵਾਉਣ ਸਬੰਧੀ ਸੂਚਨਾ ਦੇਣ 'ਤੇ ਪੰਜਾਬ ਸਰਕਾਰ ਵੱਲੋਂ 5 ਲੱਖ ਰੁਪਏ ਦਾ ਇਨਾਮ ਐਲਾਨਿਆ ਗਿਆ ਸੀ, ਵਿਦੇਸ਼ ਵਿੱਚ ਬੈਠ ਕੇ ਪੰਜਾਬ ਅੰਦਰ ਟਾਰਗੇਟ ਕਿਲਿੰਗ, ਫਿਰੌਤੀ ਲਈ ਗੋਲੀ ਚਲਾਉਣ ਦੀਆਂ ਵਾਰਦਾਤਾਂ ਨੂੰ ਅੰਜ਼ਾਮ ਦੇਣਾ ਅਤੇ ਸੰਗਠਿਤ ਅਪਰਾਧਿਕ ਨੈੱਟਵਰਕ ਚਲਾਉਣ ਵਰਗੀਆਂ ਕਾਰਵਾਈਆਂ ਨੂੰ ਅੰਜਾਮ ਦੇ ਰਿਹਾ ਸੀ। ਉਕਤ ਮੁਲਜ਼ਮ ਪੰਜ ਕਤਲਾਂ, ਇਰਾਦਾ ਕਤਲ, ਫਿਰੌਤੀ ਅਤੇ ਅਸਲਾ ਐਕਟ ਤਹਿਤ ਵੱਖ-ਵੱਖ ਅਪਰਾਧਾਂ ਸਮੇਤ 30 ਤੋਂ ਵੱਧ ਘਿਨਾਉਣੇ ਅਪਰਾਧਕ ਮਾਮਲਿਆਂ ਵਿੱਚ ਲੋੜੀਂਦਾ ਸੀ।

ਪੰਜਾਬ ਪੁਲੀਸ ਹੈੱਡਕੁਆਰਟਰ (ਪੀਪੀਐੱਚਕਿਊ) ਵਿਖੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਡੀਜੀਪੀ ਗੌਰਵ ਯਾਦਵ, ਜਿਨ੍ਹਾਂ ਨਾਲ ਸਪੈਸ਼ਲ ਡੀਜੀਪੀ ਏਜੀਟੀਐੱਫ ਪ੍ਰਮੋਦ ਬਾਨ ਅਤੇ ਸਪੈਸ਼ਲ ਡੀਜੀਪੀ ਕਾਊਂਟਰ ਇੰਟੈਲੀਜੈਂਸ ਅਮਿਤ ਪ੍ਰਸਾਦ ਵੀ ਮੌਜੂਦ ਸਨ, ਨੇ ਦੱਸਿਆ ਕਿ ਪੰਜਾਬ ਪੁਲੀਸ ਵੱਲੋਂ ਕਿਸੇ ਅਫ਼ਰੀਕੀ ਦੇਸ਼ ਤੋਂ ਭਗੌੜੇ ਅਪਰਾਧੀ ਦੀ ਇਹ ਹੁਣ ਤੱਕ ਦੀ ਪਹਿਲੀ ਡਿਪੋਰਟੇਸ਼ਨ ਹੈ, ਜਿਸ ਨਾਲ ਸੂਬੇ ਵਿੱਚ ਸੰਗਠਿਤ ਅਪਰਾਧ ਖ਼ਿਲਾਫ਼ ਵਿੱਢੀ ਸਖ਼ਤ ਮੁਹਿੰਮ ਵਿੱਚ ਇੱਕ ਨਵੀਂ ਸਫ਼ਲਤਾ ਜੁੜ ਗਈ ਹੈ।

ਉਨ੍ਹਾਂ ਕਿਹਾ, ਇਹ ਕਾਰਵਾਈ 'ਆਪਰੇਸ਼ਨ ਸ਼ਾਹਿਦ' ਦੀ ਸਫ਼ਲਤਾ ਨੂੰ



ਦਰਸਾਉਂਦੀ ਹੈ—ਜੋ ਖੁਫ਼ੀਆ ਜਾਣਕਾਰੀ 'ਤੇ ਆਧਾਰਿਤ 10 ਮਹੀਨੇ ਲੰਮਾ ਇੰਟਰਨੈਸ਼ਨਲ ਮੈਨਹੰਟ ਆਪ੍ਰੇਸ਼ਨ ਸੀ, ਜਿਸ ਅਧੀਨ ਲਗਾਤਾਰ ਨਿਗਰਾਨੀ, ਖੁਫ਼ੀਆ ਜਾਣਕਾਰੀ ਜੁਟਾਉਣਾ ਅਤੇ ਕੌਮੀ ਤੇ ਕੌਮਾਂਤਰੀ ਏਜੰਸੀਆਂ ਦੇ ਨਜ਼ਦੀਕੀ ਤਾਲਮੇਲ ਜ਼ਰੀਏ ਏਸ਼ੀਆ, ਦੱਖਣੀ ਅਮਰੀਕਾ ਤੇ ਅਫ਼ਰੀਕਾ ਦੇ ਕਈ ਦੇਸ਼ਾਂ ਵਿੱਚ ਭਗੌੜੇ ਅਪਰਾਧੀਆਂ ਦੀ ਪੈੜ ਨੱਪਣ ਵਰਗੀਆਂ ਕਾਰਵਾਈਆਂ ਨੂੰ ਅੰਜਾਮ ਦਿੱਤਾ ਗਿਆ।

ਜ਼ਿਕਰਯੋਗ ਹੈ ਕਿ 'ਆਪਰੇਸ਼ਨ ਸ਼ਾਹਿਦ' ਕਾਊਂਟਰ ਇੰਟੈਲੀਜੈਂਸ ਵਿੰਗ ਦੇ ਆਈਜੀਪੀ ਓਐੱਫਟੀਈਸੀ ਅਸ਼ੀਸ਼ ਚੌਧਰੀ ਦੀ ਦੇਖ-ਰੇਖ ਹੇਠ ਚਲਾਇਆ ਗਿਆ, ਜਿਨ੍ਹਾਂ ਨੇ ਕੌਮਾਂਤਰੀ ਤਾਲਮੇਲ ਅਤੇ ਫ਼ਾਲੋ-ਅੱਪ ਯਤਨਾਂ ਦੀ ਅਗਵਾਈ ਕੀਤੀ। ਇਸ ਆਪ੍ਰੇਸ਼ਨ ਦੀ ਕਮਾਨ ਐੱਸਪੀ ਏਜੀਟੀਐੱਫ/ਓਐੱਫਟੀਈਸੀ ਆਪਰੇਸ਼ਨਜ਼ ਬਿਕਰਮਜੀਤ ਸਿੰਘ ਬਰਾੜ ਕੋਲ ਸੀ।

ਆਪਰੇਸ਼ਨ ਦੇ ਵੇਰਵੇ ਸਾਂਝੇ ਕਰਦਿਆਂ ਡੀਜੀਪੀ ਨੇ ਦੱਸਿਆ ਕਿ ਮੁਲਜ਼ਮ ਗੁਰਵਿੰਦਰ ਅਫ਼ਰੀਦੀ 31 ਮਾਰਚ 2025 ਨੂੰ ਮੁੰਬਈ ਹਵਾਈ ਅੱਡੇ ਤੋਂ ਯੂਏਈ ਭੱਜ ਗਿਆ ਸੀ। ਇਸ ਮੰਤਵ ਲਈ ਉਸ ਨੇ ਗੋਰਖਪੁਰ ਦੇ ਕਿਸੇ ਵਸਨੀਕ ਦੇ ਵੇਰਵਿਆਂ 'ਤੇ ਫ਼ਰਜ਼ੀ ਤਰੀਕੇ ਨਾਲ 12 ਫ਼ਰਵਰੀ 2025 ਨੂੰ ਲਖਨਊ, ਉੱਤਰ ਪ੍ਰਦੇਸ਼ ਤੋਂ ਬਣਵਾਏ ਫ਼ਰਜ਼ੀ ਪਾਸਪੋਰਟ ਦੀ ਵਰਤੋਂ ਕੀਤੀ ਸੀ।

ਉਨ੍ਹਾਂ ਦੱਸਿਆ ਕਿ ਮੁਲਜ਼ਮ ਸਮੇਂ-ਸਮੇਂ 'ਤੇ ਵੱਖ-ਵੱਖ ਮਹਾਂਦੀਪਾਂ ਵਿੱਚ ਲੁਕ ਕੇ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੂੰ ਲਗਾਤਾਰ ਚਕਮਾ ਦੇ ਰਿਹਾ ਸੀ। ਸ਼ੁਰੂਆਤ ਵਿੱਚ ਯੂਏਈ ਵਿੱਚ ਲੁਕੇ ਰਹਿਣ ਤੋਂ ਬਾਅਦ, ਮੁਲਜ਼ਮ ਗੁਰਵਿੰਦਰ ਅਫ਼ਰੀਦੀ ਨੇ ਇਸਤਾਂਬੁਲ ਰਾਹੀਂ ਮੈਕਸੀਕੋ ਭੱਜਣ ਦੀ ਕੋਸ਼ਿਸ਼ ਕੀਤੀ, ਪਰ ਉਸ ਨੂੰ ਵਾਪਸ ਯੂਏਈ ਡਿਪੋਰਟ ਕਰ ਦਿੱਤਾ ਗਿਆ। ਇਸ ਉਪਰੰਤ ਉਹ ਅਪਰੈਲ 2026 ਵਿੱਚ ਕੀਨੀਆ ਚਲਾ ਗਿਆ, ਜੂਨ 2026 ਵਿੱਚ ਅੰਗੋਲਾ ਅਤੇ ਨਵੰਬਰ 2026 ਵਿੱਚ ਇਥੋਪੀਆ ਚਲਾ ਗਿਆ।

ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਪੰਜਾਬ ਪੁਲੀਸ ਨੇ ਗੁਰਵਿੰਦਰ ਅਫ਼ਰੀਦੀ ਖ਼ਿਲਾਫ਼ ਰੈੱਡ ਕਾਰਨਰ ਨੋਟਿਸ ਜਾਰੀ ਕਰਵਾਇਆ ਸੀ। ਇਸਦੇ ਨਾਲ ਹੀ ਉਸ ਦੀ ਫ਼ਰਜ਼ੀ ਪਛਾਣ ਅਤੇ ਕਾਰਵਾਈਆਂ ਬਾਰੇ ਸਮੇਂ-ਸਮੇਂ 'ਤੇ ਕੇਂਦਰੀ ਏਜੰਸੀਆਂ ਨਾਲ ਜਾਣਕਾਰੀ ਸਾਂਝੀ ਕੀਤੀ ਸੀ ਅਤੇ ਪੁ

ਤੁਹਾਡੀ ਰਸੋਈ



ਥਾਈ ਵੈੱਜੀਟੇਬਲ ਸੂਪ



ਸਮੱਗਰੀ
ਥਾਈ ਵੈੱਜੀਟੇਬਲ ਸੂਪ ਲਈ (5 ਕੱਪ)
1 ਕੱਪ- ਪਿਆਜ਼
2 ਕੱਪ- ਕੱਟੀਆਂ ਹੋਈਆਂ ਗਾਜਰਾਂ
6-ਕਾਲੀਆਂ ਮਿਰਚਾਂ
2- ਹਰੀ ਚਾਹ ਪੱਤੀ
ਸੁਆਦ ਅਨੁਸਾਰ-ਲੂਣ
ਹੋਰ ਸਮੱਗਰੀ
2 ਚਮਚ- ਘੱਟ ਫੈਟ ਵਾਲਾ ਮੱਖਣ
1 ਚਮਚ- ਬਰੀਕ ਕੱਟਿਆਂ ਲਸਣ
1 ਚਮਚ-ਬਰੀਕ ਕੱਟੀਆਂ ਹਰੀਆਂ ਮਿਰਚਾਂ
1/4 ਕੱਪ- ਬਰੀਕ ਕੱਟੇ ਹਰੇ ਪਿਆਜ਼
1/2 ਕੱਪ- ਅੱਧੇ ਉਬਲੇ ਹੋਏ ਖੂੰਬ
2 ਚਮਚ- ਬਰੀਕ ਕੱਟਿਆ ਹਰਾ ਧਨੀਆ
1/2 ਕੱਪ-ਬਰੀਕ ਕੱਟੀ ਪਾਲਕ
1/2 ਕੱਪ ਸਲਾਇਸਡ ਅਤੇ ਅੱਧੇ ਉਬਲੇ ਹੋਏ ਬੇਬੀ ਕਾਰਨ
1 ਕੱਪ- ਬੀਨ ਪੂੰਗਰੀ ਹੋਈ
1 ਕੱਪ- ਟੋਫੂ
1 ਚਮਚ- ਵਿਨੇਗਰ
1 ਚਮਚ-ਸੋਇਆ ਸੋਸ
ਸੁਆਦ ਅਨੁਸਾਰ-ਲੂਣ

ਵਿਧੀ- ਸਾਰੀਆਂ ਸਮੱਗਰੀਆਂ ਨੂੰ ਪਾਣੀ ਦੇ ਨਾਲ ਗਹਿਰੇ ਨਾਨ-ਸਟਿੱਕ ਪੈਨ 'ਚ ਚੰਗੀ ਤਰ੍ਹਾਂ ਨਾਲ ਮਿਲਾ ਲਓ ਅਤੇ ਚੰਗੀ ਤਰ੍ਹਾਂ ਨਾਲ ਉਬਾਲਾ ਦਿਓ। ਛਾਣਨੀ 'ਚ ਛਾਣ ਕੇ ਇਕ ਪਾਸੇ ਰੱਖ ਦਿਓ।

ਹੁਣ ਇਕ ਪੈਨ 'ਚ ਮੱਖਣ ਗਰਮ ਕਰੋ, ਲਸਣ, ਹਰੀ ਮਿਰਚ ਅਤੇ ਹਰੀ ਪਿਆਜ਼ ਪਾ ਕੇ ਘੱਟ ਸੇਕ 'ਤੇ ਭੁੰਨੋ ਅਤੇ ਬੱਚੀ ਹੋਈ ਸਮੱਗਰੀ ਪਾ ਕੇ ਚੰਗੀ ਤਰ੍ਹਾਂ ਮਿਲਾਓ ਅਤੇ ਘੱਟ ਸੇਕ 'ਤੇ 2-3 ਮਿੰਟ ਤਕ ਪਕਾਓ। ਹੁਣ ਥਾਈ ਵੈੱਜੀਟੇਬਲ ਸਟਾਕ ਪਾ ਕੇ ਚੰਗੀ ਤਰ੍ਹਾਂ ਨਾਲ ਮਿਲਾ ਲਓ ਅਤੇ ਗਰਮ-ਗਰਮ ਪਰੋਸੋ।

ਸੈਂਡਵਿਚ ਮਸਾਲਾ ਪਾਊਡਰ



ਸੈਂਡਵਿਚ ਖਾਣ 'ਚ ਬਹੁਤ ਹੀ ਸੁਆਦ ਹੁੰਦਾ ਹੈ ਪਰ ਜੇਕਰ ਇਸ 'ਚ ਮਸਾਲਾ ਪਾ ਦਿੱਤਾ ਜਾਵੇਂ ਤਾਂ ਇਸ ਦਾ ਸੁਆਦ ਹੋਰ ਵੀ ਵਧ ਜਾਂਦਾ ਹੈ। ਸੈਂਡਵਿਚ ਮਸਾਲਾ ਬਣਾਉਣਾ ਬਹੁਤ ਹੀ ਸੌਖਾ ਹੁੰਦਾ ਹੈ।

ਇਸ ਨੂੰ ਬਣਾਉਣ ਲਈ ਰਸੋਈ 'ਚ ਰੱਖੇ ਮਸਾਲਿਆਂ ਦੀ ਹੀ ਵਰਤੋਂ ਕੀਤੀ ਜਾਂਦੀ ਹੈ। ਇਸ ਨੂੰ ਬਣਾਉਣ ਅਤੇ ਪਕਾਉਣ 'ਚ 5-5 ਮਿੰਟ ਦਾ ਸਮੇਂ ਲਗਦਾ ਹੈ। ਆਓ ਜਾਣਦੇ ਹਾਂ ਸੈਂਡਵਿਚ ਮਸਾਲਾ ਪਾਊਡਰ ਬਣਾਉਣ ਦੀ ਵਿਧੀ ਬਾਰੇ।

ਸਮੱਗਰੀ :- 1/2 ਕੱਪ ਜ਼ੀਰਾ, 2 ਚਿਮਚੇ ਲੌਂਗ, 2 ਚਿਮਚੇ ਕਾਲੀ ਮਿਰਚ ਪਾਊਡਰ, ਸੌਂਫ 4 ਚਿਮਚੇ, ਲੂਣ ਸੁਆਦ ਅਨੁਸਾਰ, ਅੰਬਚੂਰ 2 ਚਿਮਚੇ।

ਵਿਧੀ :- ਸਭ ਤੋਂ ਪਹਿਲਾਂ ਤਵੇ 'ਤੇ ਜ਼ੀਰਾ ਪਾ ਕੇ ਭੁੰਨ ਲਵੋ। ਫਿਰ ਸਾਰੀਆਂ ਸਮੱਗਰੀਆਂ ਨੂੰ ਮਿਲਾ ਕੇ ਮਿਕਸੀ 'ਚ ਪੀਸ ਲਵੋ। ਹੁਣ ਇਸ ਨੂੰ ਤੁਸੀਂ ਏਅਰ ਟਾਈਟ ਜ਼ਾਰ 'ਚ ਬੰਦ ਕਰਕੇ ਇਸ ਦੀ ਵਰਤੋਂ ਕਰ ਸਕਦੇ ਹੋ।

ਸਿਜ਼ਲਿੰਗ ਪਾਸਤਾ

ਤੁਸੀਂ ਪਾਸਤਾ ਖਾਣ ਦਾ ਸ਼ੌਕ ਰੱਖਦੇ ਹੋ ਤਾਂ ਤੁਹਾਨੂੰ ਸਿਜਲਿੰਗ ਪਾਸਤਾ ਬਹੁਤ ਹੀ ਪਸੰਦ ਆਵੇਗਾ। ਇਹ ਉਹ ਇਟਾਲੀਅਨ ਪਾਸਤਾ ਹੈ, ਜਿਸ ਨੂੰ ਸਿਜ਼ਲਰਸ ਪਲੇਟ 'ਚ ਰੱਖ ਕੇ ਬਣਾਇਆ ਜਾਂਦਾ ਹੈ। ਇਹ ਬਣਾਉਣ 'ਚ ਬਹੁਤ ਹੀ ਸੌਖਾ ਹੁੰਦਾ ਹੈ। ਜੇਕਰ ਤੁਸੀਂ ਵੈਜੀਟੇਰੀਅਨ ਹੋ ਤਾਂ ਤੁਸੀਂ ਇਸ 'ਚ ਚਿਕਨ ਸੌਸੇਜ ਦੀ ਵਰਤੋਂ ਨਾ ਕਰੋ। ਪਰ ਜੇਕਰ ਤੁਸੀਂ ਨਾਨ ਵੈਜ ਪਸੰਦ ਕਰਦੇ ਹੋ ਤਾਂ ਤੁਹਾਨੂੰ ਸਿਜਲਿੰਗ ਪਾਸਤਾ ਬਹੁਤ ਪਸੰਦ ਆਵੇਗਾ। ਆਓ ਜਾਣਦੇ ਹਾਂ ਇਸ ਨੂੰ ਬਣਾਉਣ ਦੀ ਵਿਧੀ ਬਾਰੇ।

ਸਮੱਗਰੀ
ਪਾਸਤਾ ਉਬਲਿਆ ਹੋਇਆ 1/4 ਪੈਕੇਟ, ਸ਼ਿਮਲਾ ਮਿਰਚ 1 ਪੀਸ, ਪਿਆਜ਼ 1 ਕੱਟਿਆ ਹੋਇਆ, ਤੇਲ ਵੱਡੇ 2 ਚਿਮਚੇ, ਲੂਣ ਸੁਆਦ ਅਨੁਸਾਰ, ਮਸਟਰਡ ਸੌਸ 1 ਛੋਟਾ ਚਿਮਚਾ, ਗਾਜਰ 1 ਕਟੀ ਹੋਈ। ਫਰੈਂਚ ਬੀਨਸ ਕੱਟੇ ਹੋਏ 6, ਕਾਲੀ ਮਿਰਚ ਪਾਊਡਰ ਸੁਆਦ ਅਨੁਸਾਰ, ਚਿਕਨ ਸੌਸਜ਼ 2 ਜਾਂ 3, ਬੰਦਗੋਭੀ 1, ਆਲੂ 2 ਜਾਂ 3 ਕੱਟੇ ਹੋਏ। ਮੱਖਣ 2 ਵੱਡੇ ਚਮਚੇ।

ਵਿਧੀ
ਇਕ ਪੈਨ 'ਚ 2 ਚਮਚੇ ਤੇਲ ਗਰਮ ਕਰੋ, ਇਸ 'ਚ ਪਿਆਜ਼ ਅਤੇ ਸ਼ਿਮਲਾ ਮਿਰਚ ਪਾਓ। ਫਿਰ ਇਸ 'ਚ ਲੂਣ ਪਾ ਕੇ 2 ਮਿੰਟ ਤੱਕ ਭੁੰਨੋ। ਇਸ ਤੋਂ ਬਾਅਦ ਪੈਨ 'ਚ ਮਸਟਰਡ ਸੌਸ ਪਾਓ ਅਤੇ ਥੋੜ੍ਹਾ ਪਾਣੀ ਪਾ ਕੇ ਮਿਲਾਓ। ਹੁਣ ਇਸ ਨੂੰ ਕੱਢ ਕੇ ਇਕ ਭਾਂਡੇ 'ਚ ਰੱਖ ਲਵੋ। ਫਿਰ ਇਕ ਪੈਨ 'ਚ ਤੇਲ ਪਾ ਕੇ ਗਰਮ ਕਰੋ। ਇਸ 'ਚ ਗਾਜਰ, ਫਰੈਂਚ ਬੀਨਸ, 1 ਛੋਟਾ ਚਮਚਾ ਤੇਲ, ਲੂਣ ਅਤੇ ਸਬਜ਼ੀਆਂ ਨੂੰ ਚੰਗੀ ਤਰ੍ਹਾਂ ਭੁੰਨ ਲਵੋ। ਹੁਣ ਇਸ ਨੂੰ ਇਕ ਦੂਜੇ ਭਾਂਡੇ 'ਚ ਕੱਢ ਲਵੋ। ਸੌਸੇਜ਼ ਦੇ ਤਿਰਛੇ ਆਕਾਰ ਦੇ ਸਲਾਈਸ ਕੱਟੋ ਅਤੇ ਭੂਰਾ ਹੋਣ ਤੱਕ ਭੁੰਨੋ। ਹੁਣ ਬੰਦਗੋਭੀ ਦੇ 3 ਪੱਤੇ ਕੱਢ ਕੇ ਰੱਖੋ। ਪੈਨ 'ਚ ਪਕਿਆ ਪਾਸਤਾ ਅਤੇ ਥੋੜ੍ਹਾ ਪਾਣੀ ਪਾ ਕੇ ਚੰਗੀ ਤਰ੍ਹਾਂ ਮਿਲਾ ਕੇ ਗਰਮ ਕਰੋ। ਸਿਜ਼ਲਰ ਪਲੇਟ ਨੂੰ ਲਕੜੀ ਦੇ ਬੇਸ 'ਤੇ ਰੱਖੋ। ਬੰਦਗੋਭੀ ਦੇ ਪੱਤੇ ਸਿਜ਼ਲਰ ਪਲੇਟ 'ਤੇ ਰੱਖੋ। ਇਕ ਪੱਤੇ 'ਤੇ ਪਾਸਤਾ ਰੱਖੋ ਅਤੇ ਦੂਜੇ ਪੱਤੇ 'ਤੇ ਸਬਜ਼ੀਆਂ ਰੱਖੋ, ਤੀਜੇ ਪੱਤੇ 'ਤੇ ਸੌਸੇਜਸ ਰੱਖੋ। ਪੋਟੇਟੋ ਫਿਗਰਜ਼ ਅਤੇ ਸ਼ਿਮਲਾ ਮਿਰਚ ਪਿਆਜ਼ ਨੂੰ ਰੱਖੋ। ਇਸ ਤੋਂ ਬਾਅਦ ਇਸ 'ਤੇ ਮੱਖਣ ਲਗਾ ਕੇ ਸਰਵ ਕਰੋ।

ਪੁੱਤਰਾਂ ਨੂੰ ਬਚਪਨ ਤੋਂ ਸਿਖਾਓ ਔਰਤਾਂ ਦਾ ਸਨਮਾਨ ਕਰਨਾ

➢ ਪ੍ਰੋ. ਕੁਲਜੀਤ ਕੌਰ ਅਠਵਾਲ



ਮਾਂ-ਪਿਓ ਦਾ ਫਰਜ਼ ਬਣਦਾ ਹੈ ਕਿ ਉਹ ਆਪਣੇ ਪੁੱਤਰ ਨੂੰ ਇਕ ਚੰਗਾ ਇਨਸਾਨ ਬਣਾਉਣ ਲਈ ਆਪਣੀਆਂ ਹਮਉਮਰ ਜਾਂ ਵੱਡੀਆਂ-ਛੋਟੀਆਂ ਲੜਕੀਆਂ ਨਾਲ ਇੱਜ਼ਤ ਭਰਪੂਰ ਵਿਹਾਰ ਕਰਨ ਦੀ ਸਿੱਖਿਆ ਦੇਣ। ਧੀਆਂ ਉੱਪਰ ਤਾਂ ਅਸੀਂ ਕਈ ਤਰ੍ਹਾਂ ਦੇ ਸਮਾਜਿਕ ਤੇ ਸੱਭਿਆਚਾਰਕ ਪਹਿਰੇ ਲਾ ਕੇ ਉਨ੍ਹਾਂ ਅੰਦਰ ਗੁਲਾਮੀਅਤ ਦੀ ਭਾਵਨਾ ਭਰ ਦਿੰਦੇ ਹਾਂ ਪਰ ਕੀ ਸਾਨੂੰ ਪੁੱਤਰਾਂ ਅੰਦਰ ਵੀ ਲੜਕੀਆਂ ਜਾਂ ਔਰਤਾਂ ਪ੍ਰਤੀ ਚੰਗਾ ਵਿਹਾਰ ਕਰਨ ਦੀ ਆਦਤ ਪਾਉਣ ਦੀ ਭਾਵਨਾ ਭਰਨੀ ਚਾਹੀਦੀ ਹੈ ?

ਪਰਿਵਾਰ ਵਿਚ ਬੱਚਿਆਂ ਦਾ ਪਾਲਣ-ਪੋਸ਼ਣ ਮਾਂ-ਬਾਪ ਦੀ ਜ਼ਿੰਮੇਵਾਰੀ ਹੈ। ਭਾਰਤੀ ਪਰਿਵਾਰਾਂ ਵਿਚ ਬਜ਼ੁਰਗ ਵੀ ਬੱਚਿਆਂ ਦੀ ਦੇਖ-ਰੇਖ ਦੀ ਜ਼ਿੰਮੇਵਾਰੀ ਨਿਭਾਉਂਦੇ ਹਨ ਤੇ ਬੱਚੇ ਰਲਵੇਂ-ਮਿਲਵੇਂ ਸੰਸਕਾਰ ਸਿੱਖਦੇ ਹਨ। ਘਰ ਵਿਚ ਧੀ ਅਤੇ ਪੁੱਤਰ ਦੇ ਪਾਲਣ ਢੰਗ ਵਿਚ ਸ਼ੁਰੂ ਤੋਂ ਹੀ ਅੰਤਰ ਕੀਤਾ ਜਾਂਦਾ ਹੈ। ਸਿੱਟੇ ਵਜੋਂ ਕੁੜੀਆਂ ਦਾ ਕੰਮ ਤੇ ਸੁਭਾਅ ਅਧੀਨਗੀ ਵਾਲਾ ਤੇ ਮੁੰਡਿਆਂ ਦਾ ਸੁਭਾਅ ਰੋਹਬ ਵਾਲਾ ਤੇ ਆਪਣੇ-ਆਪ ਨੂੰ ਕੁੜੀਆਂ ਤੋਂ ਉੱਤਮ ਸਮਝਣ ਵਾਲਾ ਬਣ ਜਾਂਦਾ ਹੈ। ਅਕਸਰ ਹੀ ਫ਼ਿਲਮਾਂ, ਨਾਟਕਾਂ, ਅਖ਼ਬਾਰਾਂ ਜਾਂ ਆਮ ਜੀਵਨ ਵਿਚ ਧੀ ਦਾ ਪਾਲਣ-ਪੋਸ਼ਣ ਚੰਗੇ ਢੰਗ ਨਾਲ ਕਰਨ, ਉਨ੍ਹਾਂ ਨੂੰ ਸਹਿਣਸ਼ੀਲ ਬਣਾਉਣ ਉੱਪਰ ਵਧੇਰੇ ਬਲ ਦਿੱਤਾ ਜਾਂਦਾ ਹੈ ਪਰ ਕੀ ਅਸੀਂ ਗੌਰ ਕੀਤਾ ਹੈ ਕਿ ਜੇਕਰ ਅਸੀਂ ਆਪਣੇ ਪੁੱਤਰਾਂ ਦਾ ਪਾਲਣ ਸਹੀ ਢੰਗ ਨਾਲ ਕਰਾਂਗੇ, ਬਚਪਨ ਤੋਂ ਹੀ ਉਨ੍ਹਾਂ ਨੂੰ ਔਰਤਾਂ ਦੀ, ਲੜਕੀਆਂ ਦੀ ਇੱਜ਼ਤ ਕਰਨੀ ਸਿਖਾਵਾਂਗੇ ਤਾਂ ਸਮਾਜ ਵਿਚ ਔਰਤਾਂ ਨਾਲ ਹੁੰਦੇ ਅਪਰਾਧ ਘਟ ਜਾਣਗੇ।

ਪਤੀ-ਪਤਨੀ ਦੇ ਵਿਹਾਰ ਦਰਜੇ ਵਿਚ ਜੇਕਰ ਬਰਾਬਰਤਾ ਹੋਵੇਗੀ ਤਾਂ ਪੁੱਤਰ ਘਰ ਵਿਚ ਹੀ ਨਾਰੀ ਬਰਾਬਰੀ ਦਾ ਪਾਠ ਸਿੱਖ ਲੈਣਗੇ ਪਰ ਬੜੇ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਸਾਡੇ ਸੱਭਿਆਚਾਰ ਵਿਚ ਬਹੁਤ ਘੱਟ ਮਾਹੌਲ ਅਜਿਹਾ ਬਣਦਾ ਹੈ, ਜਿਥੇ ਘਰ ਦਾ ਮਾਹੌਲ, ਪਤੀ-ਪਤਨੀ ਦਾ ਬਰਾਬਰਤਾ ਵਾਲਾ ਵਿਹਾਰ ਪੁੱਤਰਾਂ ਲਈ ਸਬਕ ਬਣ ਸਕੇ, ਸਗੋਂ ਜਦੋਂ ਪੁੱਤਰ ਆਪਣੇ ਪਿਤਾ ਨੂੰ ਮਾਂ ਉੱਪਰ ਰੋਹਬ ਜਮਾਉਂਦਾ, ਮਾਰ-ਕੁੱਟ ਕਰਦਾ, ਗਾਲੀ-ਗਲੋਚ ਕਰਦਾ ਸੁਣਦਾ ਹੈ ਤਾਂ ਉਸ ਨੂੰ ਜਾਪਦਾ ਹੈ ਕਿ ਇਹ ਮਰਦ ਹੋਣ ਦੀ ਨਿਸ਼ਾਨੀ ਹੈ। ਸਿੱਟੇ ਵਜੋਂ ਉਹ ਜਦ ਜਵਾਨ ਹੁੰਦਾ ਹੈ ਤਾਂ ਹਰ ਔਰਤ-ਲੜਕੀ ਪ੍ਰਤੀ ਉਸ ਦਾ ਵਿਹਾਰ ਬੜਾ ਗ਼ੈਰ-ਜ਼ਿੰਮੇਵਾਰ ਤੇ ਅਸੁਭਾਵਿਕ ਹੁੰਦਾ ਹੈ।



ਮਾਂ-ਪਿਓ ਦਾ ਫਰਜ਼ ਬਣਦਾ ਹੈ ਕਿ ਉਹ ਆਪਣੇ ਪੁੱਤਰ ਨੂੰ ਇਕ ਚੰਗਾ ਇਨਸਾਨ ਬਣਾਉਣ ਲਈ ਆਪਣੀਆਂ ਹਮਉਮਰ ਜਾਂ ਵੱਡੀਆਂ-ਛੋਟੀਆਂ ਲੜਕੀਆਂ ਨਾਲ ਇੱਜ਼ਤ ਭਰਪੂਰ ਵਿਹਾਰ ਕਰਨ ਦੀ ਸਿੱਖਿਆ ਦੇਣ। ਧੀਆਂ ਉੱਪਰ ਤਾਂ ਅਸੀਂ ਕਈ ਤਰ੍ਹਾਂ ਦੇ ਸਮਾਜਿਕ ਤੇ ਸੱਭਿਆਚਾਰਕ ਪਹਿਰੇ ਲਾ ਕੇ ਉਨ੍ਹਾਂ ਅੰਦਰ ਗੁਲਾਮੀਅਤ ਦੀ ਭਾਵਨਾ ਭਰ ਦਿੰਦੇ ਹਾਂ ਪਰ ਕੀ ਸਾਨੂੰ ਪੁੱਤਰਾਂ ਅੰਦਰ ਵੀ ਲੜਕੀਆਂ ਜਾਂ ਔਰਤਾਂ ਪ੍ਰਤੀ ਚੰਗਾ ਵਿਹਾਰ ਕਰਨ ਦੀ ਆਦਤ ਪਾਉਣ ਦੀ ਭਾਵਨਾ ਭਰਨੀ ਚਾਹੀਦੀ ਹੈ ? ਅਸੀਂ ਅਕਸਰ ਅਖ਼ਬਾਰਾਂ, ਟੀ. ਵੀ. ਤੇ ਹੋਰ ਸੋਸ਼ਲ ਮੀਡੀਆ ਉੱਪਰ ਲੜਕੀਆਂ ਨਾਲ ਹੁੰਦੀਆਂ ਛੇੜਖਾਨੀਆਂ, ਅਗਵਾ ਅਤੇ ਜਬਰ-ਜਨਾਹ ਦੀਆਂ ਜੋ ਘਟਨਾਵਾਂ ਪੜ੍ਹਦੇ ਹਾਂ, ਉਸ ਪ੍ਰਤੀ ਗੰਭੀਰਤਾ ਨਾਲ ਸੋਚਣ ਦੀ ਲੋੜ ਹੈ ਤੇ ਪੁੱਤਾਂ ਦੀ ਪਰਵਰਿਸ਼ ਕਰਦੇ ਸਮੇਂ ਉਨ੍ਹਾਂ ਨੂੰ ਔਰਤ-ਲੜਕੀ ਪ੍ਰਤੀ ਸੱਭਿਅਕ ਵਿਹਾਰ ਸਿਖਾਉਣਾ ਜ਼ਰੂਰੀ ਹੈ। ਪਰ ਜੇਕਰ ਪੁੱਤਰ ਕੋਈ ਗ਼ਲਤੀ ਕਰਦਾ ਹੈ ਤਾਂ ਇਸ ਨੂੰ ਲਾਪ੍ਰਵਾਹੀ ਨਾਲ ਦੇਖਿਆ ਜਾਂਦਾ ਹੈ ਤੇ ਸੋਚਿਆ ਜਾਂਦਾ ਹੈ ਕਿ ਉਸ ਦਾ ਕਿਹੜਾ ਕੋਈ ਨੁਕਸਾਨ ਹੋਣਾ ਹੈ, ਕਿਉਂਕਿ ਉਹ ਤਾਂ ਮੁੰਡਾ ਹੈ। ਲੋੜ ਹੈ ਅਜਿਹੀ ਸੋਚ ਬਦਲਣ ਦੀ। ਪੁੱਤਰ ਦੇ ਦੇਰ ਨਾਲ ਘਰ ਪਰਤਣ ਨਾਲ ਮਾਪਿਆਂ ਨੂੰ ਦੁੱਖ ਤਾਂ ਹੁੰਦਾ ਹੋਵੇਗਾ ਪਰ ਉਸ ਦੇ ਅੰਦਰ ਇਹ ਭਾਵਨਾ ਭਰ ਦਿੱਤੀ ਜਾਂਦੀ ਹੈ ਕਿ ਉਹ ਆਜ਼ਾਦ ਹੈ। ਇਸੇ ਹੀ ਆਜ਼ਾਦੀ ਦਾ ਗ਼ਲਤ ਫਾਇਦਾ ਉਠਾ ਕੇ ਨੌਜਵਾਨ ਮੁੰਡੇ ਇਕੱਠੇ ਹੋ ਕੇ ਸਮੂਹਿਕ ਤੌਰ 'ਤੇ ਜਾਂ ਵਿਅਕਤੀਗਤ ਤੌਰ 'ਤੇ ਲੜਕੀਆਂ ਨਾਲ ਛੇੜਖਾਨੀਆਂ, ਮਾੜੀਆਂ ਟਿੱਪਣੀਆਂ ਕਰਨ ਨੂੰ ਆਪਣੀ ਸ਼ਾਨ ਸਮਝਦੇ ਹਨ। ਜੇਕਰ ਮੁੱਢ ਤੋਂ ਹੀ ਪੁੱਤਰਾਂ/ਮੁੰਡਿਆਂ ਅੰਦਰ ਇਹ ਸੰਸਕਾਰ ਭਰੇ ਜਾਣ ਕਿ ਉਨ੍ਹਾਂ ਦੇ ਵਿਹਾਰ ਵਿਚ ਵੀ ਅਨੁਸ਼ਾਸਨ, ਸੰਜਮ, ਅਪਣੱਤ ਅਤੇ ਸਹਿਣਸ਼ੀਲਤਾ ਹੋਣੀ ਚਾਹੀਦੀ ਹੈ ਤਾਂ ਲੜਕਿਆਂ ਦੀ ਸੋਚ ਬਦਲੀ ਜਾ ਸਕਦੀ ਹੈ। ਪਰਿਵਾਰਕ ਤੌਰ 'ਤੇ ਧੀ ਅਤੇ ਪੁੱਤਰ ਨੂੰ ਘਰ ਵਿਚ ਜੇਕਰ ਬਰਾਬਰਤਾ ਦੇ ਮੌਕੇ ਦਿੱਤੇ ਜਾਣਗੇ ਤਾਂ ਸਮਾਜਿਕ ਤੌਰ 'ਤੇ ਔਰਤ-ਮਰਦ ਦੀ ਬਰਾਬਰਤਾ ਦਾ ਯੁੱਗ ਬਹੁਤ ਛੇਤੀ ਆ ਸਕਦਾ ਹੈ। ਜੇਕਰ ਮਰਦ ਔਰਤ ਨੂੰ ਆਪਣੇ ਤੋਂ ਕਮਜ਼ੋਰ ਸਮਝ ਕੇ ਉਸ ਦੇ ਜਜ਼ਬਾਤਾਂ ਨੂੰ ਠੇਸ ਪਹੁੰਚਾਉਂਦਾ ਰਹੇਗਾ ਤਾਂ ਸਮਾਜ ਵਿਚ ਔਰਤਾਂ ਪ੍ਰਤੀ ਜੁਰਮ ਵਧਦੇ ਰਹਿਣਗੇ। ਪਰਿਵਾਰ, ਮੁਹੱਲੇ, ਪਿੰਡ ਜਾਂ ਸ਼ਹਿਰ ਤੋਂ ਹੀ ਸਮਾਜ ਬਣਦਾ ਹੈ। ਆਓ ਫਿਰ ਆਪਣੇ ਪਰਿਵਾਰਾਂ ਤੋਂ ਹੀ ਪੁੱਤਾਂ ਨੂੰ ਚੰਗੇ ਗੁਣ ਸਿਖਾ ਕੇ, ਰਿਸ਼ਤਿਆਂ ਦੀ ਅਹਿਮੀਅਤ ਦਾ ਪਾਠ ਪੜ੍ਹਾ ਕੇ, ਲੜਕੀਆਂ/ਔਰਤਾਂ ਦੀ ਇੱਜ਼ਤ ਕਰਨ ਦੀ ਭਾਵਨਾ ਉਨ੍ਹਾਂ ਦੇ ਮਨਾਂ ਅੰਦਰ ਭਰ ਕੇ ਸਮਾਜ ਦੀ ਤਸਵੀਰ ਬਦਲੀਏ ਤਾਂ ਜੋ ਲੜਕੀਆਂ ਵੀ ਆਪਣੇ-ਆਪ ਨੂੰ ਸੁਰੱਖਿਅਤ ਸਮਝਣ ਤੇ ਕਿਸੇ ਵੀ ਸਮੇਂ ਆਪਣੇ ਘਰੋਂ ਕੰਮ-ਕਾਜ ਲਈ ਬਾਹਰ ਜਾਣ ਸਮੇਂ ਡਰ ਜਾਂ ਅਸੁਰੱਖਿਆ ਦੀ ਭਾਵਨਾ ਮਹਿਸੂਸ ਨਾ ਕਰਨ। ਆਪਣੇ ਪੁੱਤਰ ਨੂੰ ਨਸ਼ਿਆਂ ਦੀ ਲਤ ਤੋਂ ਬਚਾਉਣ ਲਈ ਮਾਪਿਆਂ ਨੂੰ ਉਨ੍ਹਾਂ ਨੂੰ ਸਮਾਂ ਦੇਣਾ ਚਾਹੀਦਾ ਹੈ, ਉਨ੍ਹਾਂ ਦੀ ਮੁਸ਼ਕਿਲ ਸੁਣਨੀ ਚਾਹੀਦੀ ਹੈ ਤੇ ਭਾਵਨਾਤਮਕ ਤੌਰ 'ਤੇ ਆਪਣੇ ਪੁੱਤਰਾਂ ਨੂੰ ਮਜ਼ਬੂਤ ਬਣਾ ਕੇ ਉਨ੍ਹਾਂ ਨੂੰ ਚੰਗੇ ਨਾਗਰਿਕ ਬਣਾਉਣ ਵਿਚ ਪਹਿਲਕਦਮੀ ਕਰਨੀ ਜ਼ਰੂਰੀ ਹੈ। ਕੈਰੀਅਰ ਦੀ ਚੋਣ ਵਿਚ ਵੀ ਉਨ੍ਹਾਂ ਦੀ ਮਦਦ ਕਰਕੇ ਉਨ੍ਹਾਂ ਦੀ ਯੋਗ ਅਗਵਾਈ ਕਰਨੀ ਚਾਹੀਦੀ ਹੈ। ਪਿਆਰ, ਸਨੇਹ ਅਤੇ ਮੋਹ ਦੇ ਨਾਲ-ਨਾਲ ਇਨਸਾਨੀਅਤ ਤੇ ਚੰਗੀਆਂ ਆਦਤਾਂ ਦਾ ਪਾਠ ਪੜ੍ਹਾਉਣਾ ਵੀ ਲਾਜ਼ਮੀ ਹੈ। ਆਓ, ਆਪਣੇ ਪੁੱਤਰਾਂ ਲਈ ਸਿਰਫ ਬੈਂਕ ਬੈਲੇਂਸ ਜਾਂ ਜਾਇਦਾਦ ਹੀ ਨਾ ਛੱਡ ਕੇ ਜਾਈਏ, ਸਗੋਂ ਚੰਗੇ ਸੰਸਕਾਰ ਅਤੇ ਜ਼ਿੰਮੇਵਾਰੀ ਦਾ ਅਹਿਸਾਸ ਅਤੇ ਉਨ੍ਹਾਂ ਨੂੰ ਉੱਤਮ ਨਾਗਰਿਕ ਵੀ ਬਣਾ ਕੇ ਜਾਈਏ, ਤਾਂ ਜੋ ਔਰਤ-ਮਰਦ ਦੀ ਬਰਾਬਰੀ ਦਾ ਯੁੱਗ ਆ ਸਕੇ।

ਜ਼ਿੰਦਗੀ ਪ੍ਰਤੀ ਨਜ਼ਰੀਆ ਬਦਲੋ

ਕੈਲਾਸ਼ ਚੰਦਰ ਸ਼ਰਮਾ



ਜ਼ਿੰਦਗੀ ਫੁੱਲਾਂ ਦੀ ਸੇਜ ਵੀ ਹੈ ਤੇ ਕੰਡਿਆਲਾ ਸਫ਼ਰ ਵੀ। ਖ਼ੁਸ਼ੀਆਂ, ਉਮੰਗਾਂ, ਮਾਯੂਸੀਆਂ, ਮੁਸ਼ੱਕਤਾਂ ਆਦਿ ਕਿੰਨਾ ਕੁਝ ਜੁੜਿਆ ਹੈ ਇਸ ਨਾਲ। ਜ਼ਿੰਦਗੀ ਇੱਕ ਅਨੋਖੀ ਕਿਤਾਬ ਹੈ ਜਿਸ ਦੇ ਪੰਨਿਆਂ ਦਾ ਕਿਸੇ ਨੂੰ ਵੀ ਕੋਈ ਪਤਾ ਨਹੀਂ। ਕਦੋਂ ਕਿਵੇਂ, ਕਿੱਥੇ, ਕੌਣ ਮਿਲ ਜਾਵੇ ਜਾਂ ਵਿਛੜ ਜਾਵੇ, ਕਿਸੇ ਨੂੰ ਕੁਝ ਨਹੀਂ ਪਤਾ। ਹਰ ਰੋਜ਼ ਇੱਕ ਨਵਾਂ ਪੰਨਾ ਮਿਲਦਾ ਹੈ, ਪਰ ਕਿਸੇ ਨੂੰ ਵੀ ਕੋਈ ਯਕੀਨ ਨਹੀਂ ਹੁੰਦਾ ਕਿ ਪੰਨਾ ਪੂਰਾ ਭਰਿਆ ਵੀ ਜਾਵੇਗਾ ਜਾਂ ਅਧੂਰਾ ਰਹਿ ਜਾਵੇਗਾ। ਪਰ ਜਦੋਂ ਗੰਢ ਖੁੱਲ੍ਹਦੀ ਹੈ ਤਾਂ ਕਈਆਂ ਨੂੰ ਜਿੱਤ ਤੇ ਕਈਆਂ ਨੂੰ ਹਾਰ ਮਿਲਦੀ ਹੈ। ਸ਼ਾਇਦ, ਇਹੋ ਹੀ ਹੈ ਜ਼ਿੰਦਗੀ ਦਾ ਅਜੀਬੋ-ਗਰੀਬ ਸੰਸਾਰ। ਆਪਣੀ ਜ਼ਿੰਦਗੀ ਨੂੰ ਖ਼ੂਬਸੂਰਤ ਬਣਾਉਣਾ, ਹਰ ਵਿਅਕਤੀ ਦੀ ਇੱਛਾ ਹੁੰਦੀ ਹੈ ਤੇ ਇਸ ਨੂੰ ਪ੍ਰਾਪਤ ਕਰਨ ਲਈ ਉਹ ਮਿਹਨਤ ਵੀ ਕਰਦਾ ਹੈ। ਕਈ ਵਾਰ ਮੁੜ-ਮੁੜ ਯਤਨ ਕਰਨ 'ਤੇ ਵੀ ਹਰ ਵਾਰ ਬਾਜ਼ੀ ਪੁੱਠੀ ਹੀ ਪੈਂਦੀ ਹੈ ਅਤੇ ਵਿਅਕਤੀ ਦੇ ਪੱਲੇ ਪੈ ਜਾਂਦੇ ਹਨ ਕੇਵਲ ਗਮਾਂ ਦੇ ਢੇਰ। ਅਜਿਹੇ ਮੌਕੇ ਵਿਅਕਤੀ ਡੂੰਘੀ ਨਿਰਾਸ਼ਾ ਦੇ ਆਲਮ 'ਚ ਚਲਾ ਜਾਂਦਾ ਹੈ। ਅਜਿਹੇ ਮੌਕੇ ਵਿਅਕਤੀ ਨੂੰ ਆਪਣੀ ਅਕਲ ਦੇ ਸਾ

ਪੰਜਾਬ ਕਾਂਗਰਸ ਮਹੀਨੇ ਦੇ ਅੰਤ ਤੱਕ ਉਮੀਦਵਾਰਾਂ ਦੀ ਪਹਿਲੀ ਸੂਚੀ ਜਾਰੀ ਕਰ ਸਕਦੀ ਹੈ: ਪਰਗਟ ਸਿੰਘ

ਫਗਵਾੜਾ, 14 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪੰਜਾਬ ਪ੍ਰਧਾਨ ਪਰਗਟ ਸਿੰਘ ਨੇ ਖੁਲਾਸਾ ਕੀਤਾ ਕਰਦਿਆਂ ਦੱਸਿਆ ਕਿ ਪਾਰਟੀ ਇਸ ਮਹੀਨੇ ਦੇ ਅੰਤ ਤੱਕ ਆਪਣੇ ਉਮੀਦਵਾਰਾਂ ਦੀ ਪਹਿਲੀ ਸੂਚੀ ਜਾਰੀ ਕਰ ਸਕਦੀ ਹੈ। ਪਰਗਟ ਸਿੰਘ ਅੱਜ ਇੱਥੇ ਫਗਵਾੜਾ ਦੇ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਦੀ ਰਹਾਇਸ਼ 'ਤੇ ਪੁੱਜੇ ਸਨ।

ਹੋਰ ਸਿਆਸੀ ਪਾਰਟੀਆਂ ਨਾਲ ਚੋਣ ਤੋਂ ਪਹਿਲਾਂ ਗੱਠਜੋੜ ਦੀ ਸੰਭਾਵਨਾ ਬਾਰੇ ਇੱਕ ਸਵਾਲ ਦਾ ਜਵਾਬ ਦਿੰਦਿਆਂ ਪਰਗਟ ਸਿੰਘ ਅਤੇ ਸੀਨੀਅਰ ਕਾਂਗਰਸੀ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਸੰਕੇਤ ਦਿੱਤਾ ਕਿ ਕਾਂਗਰਸ ਖੱਬੇਪੱਖੀ ਪਾਰਟੀਆਂ ਨਾਲ ਗੱਠਜੋੜ 'ਤੇ ਵਿਚਾਰ ਕਰ ਸਕਦੀ ਹੈ। ਉਨ੍ਹਾਂ ਦੀਆਂ ਇਹ ਟਿੱਪਣੀਆਂ ਅਹਿਮ ਮੰਨੀਆਂ ਜਾ ਰਹੀਆਂ ਹਨ ਕਿਉਂਕਿ ਪਾਰਟੀ ਪੰਜਾਬ ਵਿੱਚ ਆਗਾਮੀ ਚੋਣ ਮੁਕਾਬਲੇ ਲਈ ਆਪਣੀ ਸਿਆਸੀ ਰਣਨੀਤੀ ਤਿਆਰ ਕਰ ਰਹੀ ਹੈ।

ਸ਼੍ਰੀ ਵਿਸ਼ਵਕਰਮਾ ਮੰਦਰ ਵੱਲ ਜਾਣ ਤੋਂ ਪਹਿਲਾਂ, ਦੋਵਾਂ ਆਗੂਆਂ ਨੇ ਆਮ ਆਦਮੀ ਪਾਰਟੀ ('ਆਪ'), ਸ਼੍ਰੋਮਣੀ ਅਕਾਲੀ ਦਲ (ਸਦ) ਅਤੇ ਭਾਰਤੀ ਜਨਤਾ ਪਾਰਟੀ (ਭਾਜਪਾ) 'ਤੇ



ਤਿੱਖਾ ਹਮਲਾ ਬੋਲਿਆ ਅਤੇ ਉਨ੍ਹਾਂ 'ਤੇ ਅਜਿਹੀਆਂ ਨੀਤੀਆਂ ਅਪਣਾਉਣ ਦੇ ਦੋਸ਼ ਲਾਏ, ਜਿਨ੍ਹਾਂ ਨੇ ਕਾਂਗਰਸ ਲੀਡਰਸ਼ਿਪ ਦੇ ਅਨੁਸਾਰ ਪੰਜਾਬ ਅਤੇ ਇਸ ਦੇ ਲੋਕਾਂ 'ਤੇ ਮਾੜਾ ਅਸਰ ਪਾਇਆ ਹੈ। ਉਨ੍ਹਾਂ ਦਾਅਵਾ ਕੀਤਾ ਕਿ ਲਗਾਤਾਰ ਸਰਕਾਰਾਂ ਦੀਆਂ ਰਾਜਨੀਤਿਕ ਅਤੇ ਪ੍ਰਸ਼ਾਸਨਿਕ ਨਾਕਾਮੀਆਂ ਨੇ ਸੂਬੇ ਦੇ ਸਾਹਮਣੇ ਕਈ ਅਣਸੁਲਝੀਆਂ ਸਮੱਸਿਆਵਾਂ ਵਿੱਚ ਯੋਗਦਾਨ ਪਾਇਆ ਹੈ।

ਸੱਤਾਧਾਰੀ 'ਆਪ' ਸਰਕਾਰ ਨੂੰ ਨਿਸ਼ਾਨਾ ਬਣਾਉਂਦਿਆਂ ਪਰਗਟ ਸਿੰਘ ਅਤੇ ਬਾਜਵਾ ਨੇ ਦੋਸ਼ ਲਾਇਆ ਕਿ ਪੰਜਾਬ ਦੀ ਵਿੱਤੀ ਸਥਿਤੀ ਵਿਗੜ ਚੁੱਕੀ ਹੈ ਅਤੇ ਇਸ ਦੇ ਕਾਰਜਕਾਲ ਦੌਰਾਨ ਸੂਬਾ ਵਧਦੇ ਕਰਜ਼ੇ ਹੇਠ ਦੱਬ ਗਿਆ ਹੈ। ਉਨ੍ਹਾਂ ਨੇ ਇਮਾਨਦਾਰ ਅਤੇ ਪਾਰਦਰਸ਼ੀ ਪ੍ਰਸ਼ਾਸਨ ਦੇਣ ਦੇ ਸਰਕਾਰ ਦੇ ਦਾਅਵਿਆਂ 'ਤੇ ਸਵਾਲ ਚੁੱਕਦਿਆਂ ਦੋਸ਼ ਲਾਇਆ ਕਿ ਸਾਫ਼-ਸੁਥਰੇ ਸ਼ਾਸਨ ਦੇ ਵਾਰ-ਵਾਰ ਕੀਤੇ ਵਾਅਦਿਆਂ ਦੇ ਬਾਵਜੂਦ ਭ੍ਰਿਸ਼ਟਾਚਾਰ ਵਧਦਾ ਜਾ ਰਿਹਾ ਹੈ। ਉਨ੍ਹਾਂ ਨੇ 'ਆਪ' ਸਰਕਾਰ ਨੂੰ ਵਧਦੀ ਨਸ਼ਿਆਂ ਦੀ ਮਾਰ, ਵਧ ਰਹੀਆਂ ਅਪਰਾਧਿਕ ਗਤੀਵਿਧੀਆਂ ਅਤੇ ਵਿਗੜ ਰਹੀ ਕਾਨੂੰਨ ਵਿਵਸਥਾ ਦੀ ਸਥਿਤੀ ਲਈ ਵੀ ਜ਼ਿੰਮੇਵਾਰ ਠਹਿਰਾਇਆ।

ਅਕਾਲੀ ਦਲ ਨੂੰ ਨਿਸ਼ਾਨੇ 'ਤੇ ਲੈਂਦਿਆਂ ਕਾਂਗਰਸੀ ਆਗੂਆਂ ਨੇ ਅਕਾਲੀ ਦਲ ਦੀ ਸਿਆਸੀ ਵਿਰਾਸਤ ਅਤੇ ਸ਼ਾਸਨ ਦੇ ਰਿਕਾਰਡ, ਖਾਸ ਕਰਕੇ ਸੱਤਾ ਵਿੱਚ ਇਸ ਦੇ ਪਿਛਲੇ ਕਾਰਜਕਾਲ 'ਤੇ ਵੀ ਸਵਾਲ ਚੁੱਕੇ। ਕਈ ਸਾਲਾਂ ਤੱਕ ਪੰਜਾਬ 'ਤੇ ਰਾਜ ਕਰਨ ਵਾਲੇ ਅਕਾਲੀ ਦਲ ਨੂੰ ਆਪਣੇ ਪਿਛਲੇ ਰਾਜ ਦੌਰਾਨ ਨਸ਼ਿਆਂ ਦੀ ਸਮੱਸਿਆ, ਬੇਅਦਬੀ ਦੀਆਂ ਘਟਨਾਵਾਂ ਅਤੇ ਕਾਨੂੰਨ ਵਿਵਸਥਾ ਦੀ ਸਥਿਤੀ ਨੂੰ ਸੰਭਾਲਣ ਨਾਲ ਜੁੜੇ ਮੁੱਦਿਆਂ 'ਤੇ ਲਗਾਤਾਰ ਸਿਆਸੀ ਆਲੋਚਨਾ ਦਾ ਸਾਹਮਣਾ ਕਰਨਾ ਪਿਆ ਹੈ।

ਇਸ ਗੱਲਬਾਤ ਦੌਰਾਨ ਨਰੇਸ਼ ਭਾਰਦਵਾਜ, ਵਿਨੋਦ ਵਰਮਾਨੀ, ਤਰਨਜੀਤ ਸਿੰਘ ਵਾਲੀਆ, ਜਤਿੰਦਰ ਵਰਮਾਨੀ, ਅਵਿਨਾਸ਼ ਗੁਪਤਾ, ਸਰਜੀਵਨ ਲਤਾ, ਅਮਰਿੰਦਰ ਕੂਨਰ ਅਤੇ ਅੰਮ੍ਰਿਤ ਲਾਲ ਭੋਂਸਲੇ ਸਮੇਤ ਕਈ ਸਥਾਨਕ ਬਲਾਕ ਕਾਂਗਰਸ ਆਗੂ ਹਾਜ਼ਰ ਸਨ।

ਇਸ ਦੌਰਾਨ ਸੇਵਾਮੁਕਤ ਪੁਲੀਸ ਸੁਪਰਡੈਂਟ ਪਰਮਜੀਤ ਸਿੰਘ ਪਰਗਟ ਸਿੰਘ, ਪ੍ਰਤਾਪ ਸਿੰਘ ਬਾਜਵਾ ਅਤੇ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਦੀ ਹਾਜ਼ਰੀ ਵਿੱਚ ਕਾਂਗਰਸ ਵਿੱਚ ਸ਼ਾਮਲ ਹੋ ਗਏ। ਉਨ੍ਹਾਂ ਦੇ ਸ਼ਾਮਲ ਹੋਣ ਨਾਲ ਫਗਵਾੜਾ ਇਲਾਕੇ ਵਿੱਚ ਪਾਰਟੀ ਦੀ ਸੰਗਠਨਾਤਮਕ ਤਾਕਤ ਵਧਣ ਦੀ ਉਮੀਦ ਹੈ।

ਉਮੀਦਵਾਰਾਂ ਦੀ ਪਹਿਲੀ ਸੂਚੀ ਦੇ ਸੰਭਾਵਿਤ ਐਲਾਨ ਅਤੇ ਕਾਂਗਰਸ ਲੀਡਰਸ਼ਿਪ ਦੇ ਇਸ ਸੰਕੇਤ ਦੇ ਮੱਦੇਨਜ਼ਰ ਇਸ ਮੀਟਿੰਗ ਨੇ ਸਿਆਸੀ ਅਹਿਮੀਅਤ ਹਾਸਲ ਕਰ ਲਈ ਹੈ ਕਿ ਖੱਬੇਪੱਖੀ ਪਾਰਟੀਆਂ ਨਾਲ ਸਮਝੌਤੇ ਦੀ ਸੰਭਾਵਨਾ ਤਲਾਸ਼ੀ ਜਾ ਸਕਦੀ ਹੈ। ਇੱਕ ਸੇਵਾਮੁਕਤ ਪੁਲੀਸ ਅਧਿਕਾਰੀ ਦੇ ਸ਼ਾਮਲ ਹੋਣ ਨਾਲ ਆਗਾਮੀ ਸਿਆਸੀ ਮੁਕਾਬਲੇ ਦੀ ਤਿਆਰੀ ਕਰ ਰਹੀ ਪਾਰਟੀ ਦੀ ਸਥਾਨਕ ਇਕਾਈ ਨੂੰ ਸੰਗਠਨਾਤਮਕ ਮਜ਼ਬੂਤੀ ਵੀ ਮਿਲੀ ਹੈ।

ਮੋਦੀ ਸਰਕਾਰ ਨੇ ਪੀ.ਐੱਮ. ਵਿਸ਼ਵਕਰਮਾ ਯੋਜਨਾ ਨਾਲ ਕਾਰੀਗਰਾਂ ਨੂੰ ਦਿੱਤੀ ਨਵੀਂ ਪਛਾਣ : ਕੇਵਲ ਸਿੰਘ ਢਿੱਲੋਂ



ਲੁਧਿਆਣਾ, 14 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਭਾਰਤੀ ਜਨਤਾ ਪਾਰਟੀ ਪੰਜਾਬ ਦੇ ਸੂਬਾ ਪ੍ਰਧਾਨ ਕੇਵਲ ਸਿੰਘ ਢਿੱਲੋਂ ਅੱਜ ਭਗਵਾਨ ਵਿਸ਼ਵਕਰਮਾ ਜੀ ਦੇ ਪ੍ਰਕਾਸ਼ ਪੁਰਬ ਮੌਕੇ ਲੁਧਿਆਣਾ ਦੇ ਬਾਬਾ ਵਿਸ਼ਵਕਰਮਾ ਭਵਨ ਵਿਖੇ ਪਹੁੰਚੇ ਅਤੇ ਭਗਵਾਨ ਜੀ ਦੇ ਦਰਸ਼ਨ ਕਰਕੇ ਆਸ਼ੀਰਵਾਦ ਪ੍ਰਾਪਤ ਕੀਤਾ। ਉਨ੍ਹਾਂ ਇਸ ਨੂੰ ਆਪਣੇ ਲਈ ਬਹੁਤ ਸੌਭਾਗ ਦੀ ਗੱਲ ਦੱਸਿਆ। ਇਸ ਮੌਕੇ ਉਨ੍ਹਾਂ ਸਮੂਹ ਕਾਰੀਗਰਾਂ, ਮਿਸਤਰੀਆਂ, ਲੁਹਾਰਾਂ, ਤਰਖਾਣਾਂ ਅਤੇ ਸਾਰੇ ਮਿਹਨਤਕਸ਼ ਭੈਣਾਂ-ਭਰਾਵਾਂ ਨੂੰ ਭਗਵਾਨ ਵਿਸ਼ਵਕਰਮਾ ਜਯੰਤੀ ਦੀਆਂ ਲੱਖ-ਲੱਖ ਵਧਾਈਆਂ ਦਿੱਤੀਆਂ। ਇਸ ਮੌਕੇ ਕੇਵਲ ਸਿੰਘ ਢਿੱਲੋਂ ਨੇ ਕਿਹਾ ਕਿ ਇਹ ਦਿਨ ਸਿਰਫ਼ ਪੂਜਾ ਦਾ ਨਹੀਂ, ਸਗੋਂ ਹੱਥਾਂ ਦੇ ਹੁਨਰ ਅਤੇ ਕਿਰਤ ਦੇ ਸਨਮਾਨ ਦਾ ਦਿਨ ਹੈ। ਭਗਵਾਨ ਵਿਸ਼ਵਕਰਮਾ ਜੀ ਨੂੰ ਸ੍ਰਿਸ਼ਟੀ ਦਾ ਪਹਿਲਾ ਸ਼ਿਲਪਕਾਰ ਅਤੇ ਇੰਜੀਨੀਅਰ ਮੰਨਿਆ ਜਾਂਦਾ ਹੈ ਅਤੇ ਉਨ੍ਹਾਂ ਦਾ ਸੰਦੇਸ਼ ਸਪੱਸ਼ਟ ਹੈ ਕਿ ਜੋ ਆਪਣੇ ਹੱਥਾਂ ਨਾਲ ਕੁਝ ਰਚਦਾ ਹੈ, ਉਹੀ ਸਮਾਜ ਦਾ ਅਸਲ ਨਿਰਮਾਤਾ ਹੈ।

ਉਨ੍ਹਾਂ ਕਿਹਾ ਕਿ ਗੁਰੂ ਸਾਹਿਬਾਨ ਨੇ ਵੀ ÷ਕਿਰਤ ਕਰੋ, ਨਾਮ ਜਪੋ, ਵੰਡ ਛਕੋ÷ ਦਾ ਸੰਦੇਸ਼ ਦਿੱਤਾ ਹੈ। ਪੰਜਾਬ ਦੀ ਧਰਤੀ ਦੀ ਪਛਾਣ ਹੀ ਮਿਹਨਤ ਨਾਲ ਹੈ ਅਤੇ ਇਸ ਮਿਹਨਤ ਦੀ ਰੀੜ੍ਹ ਦੀ ਹੱਡੀ ਸਾਡੇ ਕਾਰੀਗਰ ਭਰਾ ਹਨ। ਪਿੰਡ ਦੀ ਗਲੀ ਤੋਂ ਲੈ ਕੇ ਵੱਡੇ ਕਾਰਖ਼ਾਨਿਆਂ ਤੱਕ, ਹਲ ਦੇ ਫਾਲੇ ਤੋਂ ਲੈ ਕੇ ਘਰ ਦੀ ਛੱਤ ਤੱਕ, ਹਰ ਥਾਂ ਕਿਸੇ ਕਾਰੀਗਰ ਦੇ ਹੱਥਾਂ ਦੀ ਛਾਪ ਹੈ। ਉਨ੍ਹਾਂ ਅਫ਼ਸੋਸ ਜ਼ਾਹਰ ਕੀਤਾ ਕਿ ਦਹਾਕਿਆਂ ਤੱਕ ਇਨ੍ਹਾਂ ਹੱਥਾਂ ਨੂੰ ਸਿਰਫ਼ ਵਧਾਈਆਂ ਮਿਲੀਆਂ, ਸਹੂਲਤਾਂ ਨਹੀਂ ਮਿਲੀਆਂ।

ਸੂਬਾ ਪ੍ਰਧਾਨ ਢਿੱਲੋਂ ਨੇ ਕਿਹਾ ਕਿ ਇਸ ਸੋਚ ਨੂੰ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਜੀ ਨੇ ਬਦਲਿਆ। ਪੀ.ਐੱਮ. ਵਿਸ਼ਵਕਰਮਾ ਯੋਜਨਾ ਰਾਹੀਂ ਪਰੰਪਰਾਗਤ ਕਾਰੀਗਰਾਂ ਨੂੰ ਪਛਾਣ-ਪੱਤਰ, ਹੁਨਰ ਸਿਖਲਾਈ, ਆਧੁਨਿਕ ਸੰਦਾਂ ਲਈ ਸਹਾਇਤਾ ਅਤੇ ਸਸਤਾ ਕਰਜ਼ਾ ਮੁਹੱਈਆ ਕਰਵਾਇਆ ਗਿਆ ਹੈ। ਮੋਦੀ ਜੀ ਦਾ ਸੁਨੇਹਾ ਹੈ ਕਿ ਕਾਰੀਗਰ ਸਹਾਇਤਾ ਦਾ ਮੁਥਾਜ ਨਹੀਂ, ਸਗੋਂ ਦੇਸ਼ ਦੇ ਨਿਰਮਾਣ ਦਾ ਭਾਈਵਾਲ ਹੈ।

ਉਨ੍ਹਾਂ ਪੰਜਾਬ ਦੇ ਹਰ ਕਾਰੀਗਰ ਭਰਾ ਨੂੰ ਅਪੀਲ ਕੀਤੀ ਕਿ ਉਹ ਇਨ੍ਹਾਂ ਯੋਜਨਾਵਾਂ ਦਾ ਲਾਭ ਜ਼ਰੂਰ ਲੈਣ। ਉਨ੍ਹਾਂ ਭਰੋਸਾ ਦਿਵਾਇਆ ਕਿ ਭਾਰਤੀ ਜਨਤਾ ਪਾਰਟੀ ਦਾ ਹਰ ਵਰਕਰ ਇਸ ਕੰਮ ਵਿੱਚ ਉਨ੍ਹਾਂ ਦੇ ਨਾਲ ਖੜ੍ਹਾ ਹੈ।

ਅੰਤ ਵਿੱਚ ਸ. ਢਿੱਲੋਂ ਨੇ ਕਿਹਾ ਕਿ ਪੰਜਾਬ ਨੂੰ ਮੁੜ ਖ਼ੁਸ਼ਹਾਲ ਬਣਾਉਣਾ ਹੈ ਤਾਂ ਸ਼ੁਰੂਆਤ ਹੁਨਰਮੰਦ ਹੱਥਾਂ ਦੇ ਸਨਮਾਨ ਤੋਂ ਹੋਵੇਗੀ।÷ ਉਨ੍ਹਾਂ ਇੱਕ ਵਾਰ ਫਿਰ ਸਮੂਹ ਸੰਗਤ ਨੂੰ ਭਗਵਾਨ ਵਿਸ਼ਵਕਰਮਾ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਵਧਾਈਆਂ ਦਿੱਤੀਆਂ। ਇਸ ਮੌਕੇ ਕੇਵਲ ਸਿੰਘ ਢਿੱਲੋਂ ਨੇ ਲੋੜਵੰਦਾਂ ਨੂੰ ਸਿਲਾਈ ਮਸ਼ੀਨਾਂ ਵੀ ਵੰਡੀਆਂ। ਬਾਬਾ ਵਿਸ਼ਵਕਰਮਾ ਭਵਨ ਦੀ ਪ੍ਰਬੰਧਕ ਕਮੇਟੀ ਅਤੇ ਅਹੁਦੇਦਾਰਾਂ ਵਲੋਂ ਕੇਵਲ ਸਿੰਘ ਢਿੱਲੋਂ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ।

ਇਸ ਮੌਕੇ ਭਾਜਪਾ ਦੇ ਸੂਬਾ ਜਨਰਲ ਸਕੱਤਰ ਰਜਨੀਸ਼ ਧੀਮਾਨ, ਸੂਬਾ ਖਜ਼ਾਨਚੀ ਗੁਰਦੇਵ ਦੇਬੀ ਸ਼ਰਮਾ, ਜ਼ਿਲ੍ਹਾ ਪ੍ਰਧਾਨ ਸੁਨੀਲ ਮੰਦਰਿਗਲ, ਪ੍ਰਵੀਨ ਬਾਂਸਲ , ਅਮਰਜੀਤ ਸਿੰਘ ਟਿੱਕਾ, ਗੁਰਦੀਪ ਸਿੰਘ ਗੋਸ਼ਾ, ਨਵਲ ਜੈਨ, ਡਾ.ਸ਼ਤੀਸ਼ ਕੁਮਾਰ ਸਮੇਤ ਵੱਡੀ ਗਿਣਤੀ ਵਿੱਚ ਬੀਜੇਪੀ ਆਗੂ ਤੇ ਵਰਕਰ ਹਾਜ਼ਰ ਸਨ।

ਗੁਰਦੁਆਰਾ ਬਾਬਾ ਬੈਰਸੀਆਣਾ ਸਾਹਿਬ ਵਿਖੇ ਨਤਮਸਤਕ ਹੋਏ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ

➢ ਗੁਰਦੁਆਰਾ ਸਾਹਿਬ ਵਿਖੇ ਦੀਵੇ ਜਗਾਏ ਅਤੇ ਅਮਨ-ਸ਼ਾਂਤੀ ਤੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ➢ ਜਨਤਾ ਜਨਾਰਦਨ ਗਊਸ਼ਾਲਾ ਵਿਖੇ ਗਊਆਂ ਨੂੰ ਗੁੜ ਖੁਆਇਆ, ਪ੍ਰਬੰਧਕਾਂ ਦੇ ਸੇਵਾ ਕਾਰਜਾਂ ਦੀ ਕੀਤੀ ਸ਼ਲਾਘਾ

ਦਿੜ੍ਹਬਾ, 14 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਦੀਵਾਲੀ ਅਤੇ ਬੰਦੀ ਛੋੜ ਦਿਵਸ ਦੇ ਸ਼ੁਭ ਮੌਕੇ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦਿੜ੍ਹਬਾ ਦੇ ਵੱਖ-ਵੱਖ ਧਾਰਮਿਕ ਅਸਥਾਨਾਂ ਵਿਖੇ ਨਤਮਸਤਕ ਹੋਏ। ਉਨ੍ਹਾਂ ਨੇ ਗੁਰਦੁਆਰਾ ਬਾਬਾ ਬੈਰਸੀਆਣਾ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਮੱਥਾ ਟੇਕਿਆ ਅਤੇ ਅਮਨ-ਸ਼ਾਂਤੀ ਤੇ ਸਰਬੱਤ ਦੇ ਭਲੇ ਲਈ



ਅਰਦਾਸ ਕੀਤੀ। ਇਸ ਮੌਕੇ ਉਨ੍ਹਾਂ ਨੇ ਗੁਰਦੁਆਰਾ ਸਾਹਿਬ ਵਿਖੇ ਦੀਵੇ ਵੀ ਜਗਾਏ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਵਿੱਤ ਮੰਤਰੀ ਨੇ ਸੰਗਤ ਨੂੰ ਦੀਵਾਲੀ ਅਤੇ ਬੰਦੀ ਛੋੜ ਦਿਵਸ ਦੀ ਵਧਾਈ ਦਿੱਤੀ। ਸ੍ ਚੀਮਾ ਨੇ ਕਿਹਾ ਕਿ ਅਜਿਹੇ ਪਵਿੱਤਰ ਦਿਹਾੜੇ ਸਾਨੂੰ ਸਾਂਝੀਵਾਲਤਾ ਅਤੇ ਆਪਸੀ ਭਾਈਚਾਰੇ ਦੀ ਭਾਵਨਾ ਨੂੰ ਹੋਰ ਮਜ਼ਬੂਤ ਕਰਨ ਦੀ ਪ੍ਰੇਰਣਾ ਦਿੰਦੇ ਹਨ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਸਾਨੂੰ ਸੇਵਾ ਕਰਨ ਅਤੇ ਸਰਬੱਤ ਦਾ ਭਲਾ ਮੰਗਣ ਦਾ ਰਾਹ ਦਿਖਾਉਂਦੀਆਂ ਹਨ।

ਇਸ ਮੌਕੇ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਵੱਲੋਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਅਤੇ ਉਨ੍ਹਾਂ ਦੇ ਓ.ਐੱਸ.ਡੀ. ਤਪਿੰਦਰ ਸਿੰਘ ਸੋਹੀ ਨੂੰ ਸਿਰੋਪਾਓ ਵੀ ਦਿੱਤਾ ਗਿਆ।

ਇਸ ਉਪਰੰਤ ਵਿੱਤ ਮੰਤਰੀ ਨੇ ਜਨਤਾ ਜਨਾਰਦਨ ਗਊਸ਼ਾਲਾ ਵਿਖੇ ਪਹੁੰਚ ਕੇ ਗਊਆਂ ਨੂੰ ਗੁੜ ਖੁਆਇਆ। ਗਊਸ਼ਾਲਾ ਦੇ ਪ੍ਰਬੰਧਕਾਂ ਦੇ ਉਪਰਾਲਿਆਂ ਦੀ ਸ਼ਲਾਘਾ ਕਰਦਿਆਂ ਸ੍ ਚੀਮਾ ਨੇ ਕਿਹਾ ਕਿ ਗਊਆਂ ਦੀ ਸੇਵਾ ਅਤੇ ਦੇਖਭਾਲ ਕਰਨਾ ਇੱਕ ਨੇਕ ਕਾਰਜ ਹੈ। ਉਨ੍ਹਾਂ ਨੇ ਇਸ ਸੇਵਾ ਲਈ ਪ੍ਰਬੰਧਕਾਂ ਨੂੰ ਵਧਾਈ ਦਿੱਤੀ।

ਇਸ ਮੌਕੇ ਵਿੱਤ ਮੰਤਰੀ ਦੇ ਓ.ਐੱਸ.ਡੀ. ਤਪਿੰਦਰ ਸਿੰਘ ਸੋਹੀ, ਸ਼ਹਿਰੀ ਪ੍ਰਧਾਨ ਧਰਮਪਾਲ ਗਰਗ, ਟਰੱਕ ਯੂਨੀਅਨ ਦੇ ਪ੍ਰਧਾਨ ਅਜੇ ਸਿੰਗਲਾ, ਪ੍ਰਦੀਪ ਕੁਮਾਰ ਅਤੇ ਹੋਰ ਪਤਵੰਤੇ ਹਾਜ਼ਰ ਸਨ।

ਪੰਜਾਬ ਦੇ ਨੌਜਵਾਨਾਂ ਨੂੰ ਹਥਿਆਰਬੰਦ ਸੈਨਾਵਾਂ ਵਿੱਚ ਸ਼ਾਮਲ ਹੋਣ ਅਤੇ ਆਧੁਨਿਕ ਫ਼ੌਜੀ ਟੈਕਨੋਲੋਜੀ ਨੂੰ ਸਮਝਣ ਲਈ ਪ੍ਰੇਰਿਤ ਕਰਨ 'ਤੇ ਕੇਂਦ੍ਰਿਤ ਕਰਨ ਲਈ ਲੇਕ ਕਲੱਬ ਵਿਖੇ ਤਿੰਨ ਦਿਨਾਂ ਦਾ ਸਮਾਗਮ

ਚੰਡੀਗੜ੍ਹ, 14 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

15 ਨਵੰਬਰ ਤੱਕ ਚੰਡੀਗੜ੍ਹ ਲੇਕ ਕਲੱਬ ਵਿਖੇ ਮਿਲਟਰੀ ਲਿਟਰੇਚਰ ਫੈਸਟੀਵਲ ਦੇ 10ਵੇਂ ਐਡੀਸ਼ਨ ਦੀ ਮੇਜ਼ਬਾਨੀ ਕਰੇਗਾ, ਜਿਸ ਵਿੱਚ ਪੰਜਾਬ ਦੇ ਨੌਜਵਾਨਾਂ ਨੂੰ ਹਥਿਆਰਬੰਦ ਸੈਨਾਵਾਂ ਨਾਲ ਜੋੜਨ ਅਤੇ ਉਨ੍ਹਾਂ ਨੂੰ ਦੇਸ਼ ਦੀ ਸੇਵਾ ਕਰਨ ਲਈ ਪ੍ਰੇਰਿਤ ਕਰਨ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ।

ਇਹ ਐਲਾਨ ਲੈਫਟੀਨੈਂਟ ਜਨਰਲ ਟੀਐੱਸ ਸ਼ੇਰਗਿੱਲ (ਸੇਵਾਮੁਕਤ) ਨੇ ਪੰਜਾਬ ਭਵਨ ਵਿਖੇ ਇੱਕ ਪ੍ਰੈੱਸ ਕਾਨਫਰੰਸ ਦੌਰਾਨ ਕੀਤਾ। ਉਨ੍ਹਾਂ ਨੇ ਕਿਹਾ ਕਿ 2017 ਵਿੱਚ ਸ਼ੁਰੂ ਹੋਇਆ ਇਹ ਫੈਸਟੀਵਲ ਫ਼ੌਜੀ ਇਤਿਹਾਸ, ਪਰੰਪਰਾਵਾਂ ਅਤੇ ਰਾਸ਼ਟਰੀ ਰੱਖਿਆ ਬਾਰੇ ਜਾਗਰੂਕਤਾ ਨੂੰ ਹੁਲਾਰਾ ਦੇਣ ਲਈ ਇੱਕ ਮਹੱਤਵਪੂਰਨ ਪਲੈਟਫਾਰਮ ਬਣ ਗਿਆ ਹੈ।

ਲੈਫਟੀਨੈਂਟ ਜਨਰਲ ਟੀਐੱਸ ਸ਼ੇਰਗਿੱਲ (ਸੇਵਾਮੁਕਤ) ਨੇ ਕਿਹਾ ਕਿ ਇਸ ਸਮਾਗਮ ਦਾ ਮੁੱਖ ਉਦੇਸ਼ ਨੌਜਵਾਨਾਂ ਨੂੰ ਹਥਿਆਰਬੰਦ ਸੈਨਾਵਾਂ, ਫ਼ੌਜੀ ਸੇਵਾਵਾਂ ਅਤੇ ਰੱਖਿਆ ਖੇਤਰ ਵਿੱਚ ਅਵਸਰਾਂ ਤੋਂ ਜਾਣੂ ਕਰਵਾਉਣਾ ਹੈ। ਵਿਦਿਆਰਥੀਆਂ ਵਿੱਚ ਵਧੇਰੇ ਭਾਗੀਦਾਰੀ ਨੂੰ ਹੁਲਾਰਾ ਦੇਣ ਲਈ ਪੰਜਾਬ ਯੂਨੀਵਰਸਿਟੀ ਅਤੇ ਅੰਮ੍ਰਿਤਸਰ ਦੇ ਖਾਲਸਾ ਕਾਲਜ ਸਮੇਤ ਵਿੱਦਿਅਕ ਸੰਸਥਾਵਾਂ ਵਿੱਚ ਪਹਿਲਾਂ ਹੀ ਕਈ ਆਊਟਰੀਚ ਪ੍ਰੋਗਰਾਮ ਆਯੋਜਿਤ ਕੀਤੇ ਜਾ ਚੁੱਕੇ ਹਨ।

ਉਨ੍ਹਾਂ ਨੇ ਕਿਹਾ ਕਿ ਇਹ ਫੈਸਟੀਵਲ ਯੁੱਧ ਦੇ ਬਦਲਦੇ ਸਰੂਪ ਅਤੇ ਆਧੁਨਿਕ ਫ਼ੌਜੀ ਕਾਰਵਾਈਆਂ ਵਿੱਚ ਟੈਕਨੋਲੋਜੀ ਦੇ ਵਧ ਰਹੇ ਮਹੱਤਵ ਨੂੰ ਵੀ ਉਜਾਗਰ ਕਰੇਗਾ। ਯੁਵਾ ਪ੍ਰਤਿਭਾਗੀਆਂ ਨੂੰ ਉੱਭਰ ਰਹੀਆਂ ਰੱਖਿਆ ਟੈਕਨੋਲੋਜੀਆਂ ਅਤੇ ਹਥਿਆਰਬੰਦ ਬਲਾਂ ਨੂੰ ਆਕਾਰ ਦੇਣ ਵਾਲੇ ਘਟਨਾਕ੍ਰਮ ਤੋਂ ਜਾਣੂ ਕਰਵਾਉਣ ਦੇ ਪ੍ਰਯਾਸ ਕੀਤੇ ਜਾ ਰਹੇ ਹਨ।

ਲੈਫਟੀਨੈਂਟ ਜਨਰਲ ਟੀਐੱਸ ਸ਼ੇਰਗਿੱਲ (ਸੇਵਾਮੁਕਤ) ਨੇ ਉਮੀਦ ਪ੍ਰਗਟਾਈ ਕਿ ਬੜੀ ਸੰਖਿਆ ਵਿੱਚ ਨੌਜਵਾਨ ਤਿੰਨ ਦਿਨਾਂ ਦੇ

ਮੁੱਖ ਮੰਤਰੀ ਵੱਲੋਂ ਪੰਜਾਬ ਭਰ ਦੇ 24 ਲੱਖ ਤੋਂ ਵੱਧ ਘਰੇਲੂ ਬਿਜਲੀ ਖਪਤਕਾਰਾਂ ਲਈ ਵੱਡੇ ਤੋਹਫ਼ੇ ਦਾ ਐਲਾਨ

ਚੰਡੀਗੜ੍ਹ, 14 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-



ਪੰਜਾਬ ਦੇ ਘਰੇਲੂ ਬਿਜਲੀ ਖਪਤਕਾਰਾਂ ਲਈ ਵੱਡੇ ਤੋਹਫ਼ੇ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ 31 ਮਾਰਚ 2026 ਤੱਕ ਦੇ ਬਕਾਇਆ ਬਿਜਲੀ ਬਿੱਲਾਂ ਉੱਤੇ ਜੁਰਮਾਨੇ ਤੇ ਵਿਆਜ ਵਿੱਚ 100 ਫੀਸਦੀ ਮੁਆਫ਼ੀ ਲਈ ਯਕਮੁਸ਼ਤ ਨਿਬੇੜਾ ਸਕੀਮ (ਓ.ਟੀ.ਐਸ.) ਦਾ ਐਲਾਨ ਕੀਤਾ। ਇਸ ਸਕੀਮ ਨਾਲ 24.86 ਲੱਖ ਖਪਤਕਾਰਾਂ ਨੂੰ ਫਾਇਦਾ ਹੋਵੇਗਾ, ਜਿਨ੍ਹਾਂ ਦੇ 518 ਕਰੋੜ ਰੁਪਏ ਦੇ ਜੁਰਮਾਨੇ ਤੇ ਵਿਆਜ ਮੁਆਫ਼ ਹੋਵੇਗਾ। ਇਸ ਨਾਲ ਖਪਤਕਾਰ ਆਸਾਨ ਕਿਸ਼ਤਾਂ ਰਾਹੀਂ ਆਪਣੇ ਬਕਾਏ ਦਾ ਭੁਗਤਾਨ ਕਰ ਸਕਣਗੇ। ਇੱਥੋਂ ਤੱਕ ਕੇ ਕੱਟੇ ਹੋਏ ਬਿਜਲੀ ਕੁਨੈਕਸ਼ਨ ਵੀ ਮੂਲ ਰਕਮ ਦੇ ਭੁਗਤਾਨ ਮਗਰੋਂ ਬਹਾਲ ਕਰ ਦਿੱਤੇ ਜਾਣਗੇ, ਜਿਸ ਨਾਲ ਪੰਜਾਬ ਭਰ ਦੇ ਪਰਿਵਾਰਾਂ ਨੂੰ ਵੱਡੀ ਰਾਹਤ ਮਿਲੇਗੀ।

ਮੁੱਖ ਮੰਤਰੀ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' ਉੱਤੇ ਕਿਹਾ, ਇਹ ਪੰਜਾਬ ਵਿੱਚ ਘਰੇਲੂ ਬਿਜਲੀ ਖਪਤਕਾਰਾਂ ਲਈ ਵੱਡੀ ਰਾਹਤ ਹੈ। ਅੱਜ ਅਸੀਂ ਬਿਜਲੀ ਦੇ ਬਕਾਇਆ ਬਿੱਲਾਂ ਲਈ ਯਕਮੁਸ਼ਤ ਨਿਬੇੜਾ ਸਕੀਮ (ਓ.ਟੀ.ਐਸ.) ਦਾ ਐਲਾਨ ਕੀਤਾ ਹੈ। 31 ਮਾਰਚ 2026 ਤੱਕ ਦੇ ਬਕਾਇਆ ਬਿੱਲਾਂ ਉੱਤੇ ਜੁਰਮਾਨਾ ਤੇ ਵਿਆਜ ਪੂਰੀ ਤਰ੍ਹਾਂ ਮੁਆਫ਼ ਹੋਵੇਗਾ। ਖਪਤਕਾਰਾਂ ਨੂੰ ਇਕ ਸਾਲ ਵਿੱਚ ਮੂਲ ਰਕਮ ਦਾ 25 ਫੀਸਦੀ ਪਹਿਲਾਂ ਤੇ 75 ਫੀਸਦੀ ਬਾਅਦ ਵਿੱਚ ਕਿਸ਼ਤਾਂ ਵਿੱਚ ਜਮ੍ਹਾਂ ਕਰਵਾਉਣਾ ਹੋਵੇਗਾ। ਇਸ ਫੈਸਲੇ ਨਾਲ 24 ਲੱਖ ਤੋਂ ਵੱਧ ਖਪਤਕਾਰਾਂ ਨੂੰ ਸਿੱਧਾ ਫਾਇਦਾ ਮਿਲੇਗਾ ਅਤੇ ਉਨ੍ਹਾਂ ਦੇ 518 ਕਰੋੜ ਰੁਪਏ ਦੇ ਜੁਰਮਾਨੇ ਤੇ ਵਿਆਜ ਮੁਆਫ਼ ਹੋਵੇਗਾ।

ਕੱਟੇ ਹੋਏ ਬਿਜਲੀ ਕੁਨੈਕਸ਼ਨ ਵੀ ਬਹਾਲ ਹੋਣਗੇ। ਸਾਡੀ ਸਰਕਾਰ ਸਹੀ ਮਾਇਨਿਆਂ ਵਿੱਚ ਆਮ ਲੋਕਾਂ ਦੀ ਸਰਕਾਰ ਹੈ।

ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਪਹਿਲਕਦਮੀ ਇਸ ਗੱਲ ਨੂੰ ਯਕੀਨੀ ਬਣਾਉਣ ਵੱਲ ਇੱਕ ਹੋਰ ਫੈਸਲਾਕੁਨ ਕਦਮ ਹੈ ਕਿ ਆਰਥਿਕ ਮੁਸ਼ਕਲਾਂ ਆਮ ਪਰਿਵਾਰਾਂ ▼ਤੇ ਵਾਧੂ ਬੋਝ ਨਾ ਬਣਨ।

ਉਨ੍ਹਾਂ ਕਿਹਾ ਕਿ ਸਰਕਾਰ ਦਾ ਮੰਨਣਾ ਹੈ ਕਿ ਸ਼ਾਸਨ ਸਿਰਫ਼ ਮਾਲੀਆ ਇਕੱਠਾ ਕਰਨਾ ਨਹੀਂ ਹੈ, ਸਗੋਂ ਔਖੇ ਸਮੇਂ ਵਿੱਚ ਲੋਕਾਂ ਨਾਲ ਮਜ਼ਬੂਤੀ ਨਾਲ ਖੜ੍ਹਨਾ ਹੈ। ਉਨ੍ਹਾਂ ਕਿਹਾ, ਕਈ ਪਰਿਵਾਰ ਆਰਥਿਕ ਤੰਗੀ ਕਰ ਕੇ ਆਪਣੇ ਬਿਜਲੀ ਦੇ ਬਿੱਲ ਨਹੀਂ ਭਰ ਸਕੇ ਅਤੇ ਜਮ੍ਹਾਂ ਹੋਏ ਵਿਆਜ ਤੇ ਜੁਰਮਾਨਿਆਂ ਦਾ ਬੋਝ ਲਗਾਤਾਰ ਵਧਦਾ ਗਿਆ। ਅਸੀਂ ਉਨ੍ਹਾਂ ਨੂੰ ਜੁਰਮਾਨਿਆਂ ਅਤੇ ਵਿਆਜ ਦੇ ਵਾਧੂ ਬੋਝ ਤੋਂ ਬਿਨਾਂ ਆਪਣੇ ਬਕਾਏ ਭਰਨ ਦਾ ਨਵਾਂ ਮੌਕਾ ਦੇਣ ਦਾ ਫੈਸਲਾ ਕੀਤਾ ਹੈ।

ਮੁੱਖ ਮੰਤਰੀ ਨੇ ਦੱਸਿਆ ਕਿ ਇਸ ਯੋਜਨਾ ਨਾਲ ਲਗਪਗ 2,516 ਕਰੋੜ ਰੁਪਏ ਦੇ ਬਕਾਇਆ ਬਿਜਲੀ ਬਿੱਲਾਂ ਵਾਲੇ 24.86 ਲੱਖ ਘਰੇਲੂ ਖਪਤਕਾਰਾਂ ਨੂੰ ਫਾਇਦਾ ਹੋਵੇਗਾ, ਜਿਸ ਵਿੱਚੋਂ 518 ਕਰੋੜ ਰੁਪਏ ਸੂਬਾ ਸਰਕਾਰ ਵੱਲੋਂ ਮੁਆਫ਼ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ, ਇਹ ਸਿਰਫ਼ ਵਿੱਤੀ ਇਮਦਾਦ ਨਹੀਂ, ਸਗੋਂ ਆਮ ਘਰਾਂ ਦੀ ਜ਼ਿੰਦਗੀ ਨੂੰ ਸੌਖਾ ਬਣਾਉਣ ਦੀ ਵਚਨਬੱਧਤਾ ਹੈ। ਹੁਣ ਖਪਤਕਾਰਾਂ ਨੂੰ ਸਿਰਫ਼ ਬਿੱਲਾਂ ਦੀ ਮੂਲ ਰਕਮ ਹੀ ਦੇਣੀ ਪਵੇਗੀ, ਜਦੋਂ ਕਿ ਲੇਟ ਫੀਸ ਸਰਚਾਰਜ ਅਤੇ ਵਿਆਜ ਦਾ ਸਾਰਾ ਬੋਝ ਮੁਆਫ਼ ਕਰ ਦਿੱਤਾ ਜਾਵੇਗਾ।

ਭੁਗਤਾਨ ਵਿਧੀ ਬਾਰੇ ਸਮਝਾਉਂਦਿਆਂ ਉਨ੍ਹਾਂ ਕਿਹਾ ਕਿ ਯੋਗ ਖਪਤਕਾਰਾਂ ਨੂੰ ਆਪਣੀ ਬਕਾਇਆ ਮੂਲ ਰਕਮ ਦਾ 25 ਫੀਸਦੀ ਹਿੱਸਾ ਇਕ ਵਾਰ ਜਮ੍ਹਾਂ ਕਰਵਾਉਣਾ ਪਵੇਗਾ, ਜਦੋਂ ਕਿ ਬਾਕੀ 75 ਫੀਸਦੀ ਰਕਮ ਵੱਧ ਤੋਂ ਵੱਧ ਛੇ ਬਰਾਬਰ ਮਾਸਿਕ ਕਿਸ਼ਤਾਂ ਵਿੱਚ ਅਦਾ ਕੀਤੀ ਜਾ ਸਕਦੀ ਹੈ। ਉਨ੍ਹਾਂ ਅੱਗੇ ਕਿਹਾ ਕਿ ਵਿੱਤੀ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਖਪਤਕਾਰ ਆਪਣੇ ਭੁਗਤਾਨ ਲਈ ਛੇ ਮਹੀਨਿਆਂ ਦਾ ਵਾਧੂ ਸਮਾਂ ਵੀ ਲੈ ਸਕਦੇ ਹਨ। ਮੁੱਖ ਮੰਤਰੀ ਨੇ ਕਿਹਾ, ਅਸੀਂ ਇਹ ਯਕੀਨੀ ਬਣਾਉਣਾ ਚਾਹੁੰਦੇ ਹਾਂ ਕਿ ਆਰਥਿਕ ਤੰਗੀ ਕਾਰਨ ਕਿਸੇ ਵੀ ਪਰਿਵਾਰ ਨੂੰ ਇਸ ਮੌਕੇ ਤੋਂ ਵਾਂਝਾ ਨਾ ਰਹਿਣਾ ਪਵੇ।

ਸੌਖੀ ਭੁਗਤਾਨ ਪ੍ਰਣਾਲੀ ਖਪਤਕਾਰਾਂ ਨੂੰ ਜਮ੍ਹਾਂ ਹੋਏ ਜੁਰਮਾਨਿਆਂ ਅਤੇ ਵਿਆਜ ਦੇ ਬੋਝ ਦਾ ਸਾਹਮਣਾ ਕੀਤੇ ਬਿਨਾਂ ਆਪਣੇ ਬਕਾਏ ਆਸਾਨੀ ਨਾਲ ਭਰਨ ਦੀ ਆਗਿਆ ਦੇਵੇਗੀ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਯੋਜਨਾ ਵਿੱਚਸਾਰੇ ਘਰੇਲੂ ਬਿਜਲੀ ਖਪਤਕਾਰ ਸ਼ਾਮਲ ਹੋਣਗੇ, ਇਸ ਗੱਲ ਦੀ ਪਰਵਾਹ ਕੀਤੇ ਬਿਨਾਂ ਕਿ ਉਨ੍ਹਾਂ ਦੇ ਬਿਜਲੀ ਕੁਨੈਕਸ਼ਨ ਇਸ ਸਮੇਂ ਚਾਲੂ ਹਨ ਜਾਂ ਕੱਟ ਦਿੱਤੇ ਗਏ ਹਨ। ਉਨ੍ਹਾਂ ਕਿਹਾ, ਜਿਹੜੇ ਖਪਤਕਾਰਾਂ ਦੇ ਬਿਜਲੀ ਕੁਨੈਕਸ਼ਨ ਕੱਟੇ ਜਾ ਚੁੱਕੇ ਹਨ, ਉਹ ਵੀ ਇਸ ਮੌਕੇ ਦਾ ਲਾਭ ਉਠਾ ਸਕਦੇ ਹਨ।

ਕਾਂਗਰਸ ਅਤੇ ਆਮ ਆਦਮੀ ਪਾਰਟੀ ਨੇ ਪੰਜਾਬ ਦੇ ਲੋਕਾਂ ਨਾਲ ਕੀਤੇ ਝੂਠੇ ਵਾਅਦੇ, ਜਨਤਾ ਨੂੰ ਮਿਲਿਆ ਨਸ਼ਾ ਅਤੇ ਬੇਰੁਜ਼ਗਾਰੀ: ਨਾਇਬ ਸਿੰਘ ਸੈਣੀ

ਚੰਡੀਗੜ੍ਹ, 14 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ 1 ਨਵੰਬਰ 1966 ਨੂੰ ਹਰਿਆਣਾ ਪੰਜਾਬ ਤੋਂ ਵੱਖ ਹੋ ਕੇ ਇੱਕ ਨਵੇਂ ਸੂਬੇ ਵਜੋਂ ਹੋਂਦ ਵਿੱਚ ਆਇਆ ਸੀ। ਉਸ ਸਮੇਂ ਅਨੇਕਾਂ ਲੋਕਾਂ ਦੇ ਮਨ ਵਿੱਚ ਇਹ ਚਿੰਤਾ ਸੀ ਕਿ ਸੀਮਤ ਸਾਧਨਾਂ ਨਾਲ ਹਰਿਆਣਾ ਕਿਸ ਤਰ੍ਹਾਂ ਆਪਣੀ ਪਛਾਣ ਬਣਾ ਸਕੇਗਾ, ਪਰ ਅੱਜ 60 ਸਾਲਾਂ ਦੇ ਸਫ਼ਰ ਵਿੱਚ ਹਰਿਆਣਾ ਨੇ ਦੇਸ਼ ਅਤੇ ਦੁਨੀਆ ਵਿੱਚ ਆਪਣੀ ਇੱਕ ਵੱਖਰੀ ਪਛਾਣ ਸਥਾਪਿਤ ਕੀਤੀ ਹੈ। ਹਰਿਆਣਾ ਨੇ ਆਪਣੀ ਹੀਰਕ ਜੈਅੰਤੀ ਦੇ ਮੌਕੇ 'ਤੇ ਵਿਕਾਸ, ਖੁਸ਼ਹਾਲੀ ਅਤੇ ਜਨ-ਕਲਿਆਣ ਦੇ ਨਵੇਂ ਸੰਕਲਪ ਲਏ ਹਨ। ਹਾਲ ਹੀ ਵਿੱਚ ਰਾਸ਼ਟਰਪਤੀ ਸ੍ਰੀਮਤੀ ਦ੍ਰੌਪਦੀ ਮੁਰਮੂ ਨੇ ਵੀ ਹੀਰਕ ਜੈਅੰਤੀ ਸਮਾਰੋਹ ਵਿੱਚ ਹਿੱਸਾ ਲੈ ਕੇ ਸੂਬੇ ਦੀ ਗੌਰਵਸ਼ਾਲੀ ਯਾਤਰਾ ਨੂੰ ਸਨਮਾਨਿਤ ਕੀਤਾ।

ਮੁੱਖ ਮੰਤਰੀ ਸ਼ੁੱਕਰਵਾਰ ਨੂੰ ਪੰਜਾਬ, ਹੁਸ਼ਿਆਰਪੁਰ ਦੇ ਦਸੂਹਾ ਵਿਖੇ ਆਯੋਜਿਤ ਵਿਸ਼ਾਲ ਜਨ ਸਭਾ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਅੱਜ ਦੇਸ਼ ਦੀਆਂ ਸਰਹੱਦਾਂ ਦੀ ਰੱਖਿਆ ਕਰਨ ਵਾਲੇ ਹਰ ਦਸਵੇਂ ਜਵਾਨ ਦਾ ਸਬੰਧ ਹਰਿਆਣਾ ਨਾਲ ਹੈ। ਖੇਡਾਂ ਦੇ ਖੇਤਰ ਵਿੱਚ ਵੀ ਹਰਿਆਣਾ ਦੇ ਖਿਡਾਰੀਆਂ ਨੇ ਓਲੰਪਿਕ, ਪੈਰਾਲੰਪਿਕ ਅਤੇ ਏਸ਼ੀਅਨ ਖੇਡਾਂ ਸਮੇਤ ਅੰਤਰਰਾਸ਼ਟਰੀ ਮੁਕਾਬਲਿਆਂ ਵਿੱਚ ਦੇਸ਼ ਦਾ ਨਾਂ ਰੌਸ਼ਨ ਕੀਤਾ ਹੈ। ਦੇਸ਼ ਨੂੰ ਤਗਮੇ ਦਿਵਾਉਣ ਵਿੱਚ ਹਰਿਆਣਾ ਦੇ ਖਿਡਾਰੀਆਂ ਦੀ ਮਹੱਤਵਪੂਰਨ ਭੂਮਿਕਾ ਰਹੀ ਹੈ। ਉਦਯੋਗ ਅਤੇ ਨਿਵੇਸ਼ ਦੇ ਖੇਤਰ ਵਿੱਚ ਵੀ ਹਰਿਆਣਾ ਇੱਕ ਪ੍ਰਮੁੱਖ ਕੇਂਦਰ ਬਣ ਕੇ ਉੱਭਰਿਆ ਹੈ। ਦੁਨੀਆ ਦੀ ਕੋਈ ਵੀ ਕੰਪਨੀ ਭਾਰਤ ਵਿੱਚ ਨਿਵੇਸ਼ ਕਰਨਾ ਚਾਹੁੰਦੀ ਹੈ ਤਾਂ ਉਸ ਦੀਆਂ ਤਰਜੀਹਾਂ ਵਿੱਚ ਹਰਿਆਣਾ ਸ਼ਾਮਲ ਰਹਿੰਦਾ ਹੈ।

ਕਾਂਗਰਸ ਅਤੇ ਆਮ ਆਦਮੀ ਪਾਰਟੀ ਨੇ ਜਨਤਾ ਨਾਲ ਕੀਤੇ ਵਾਅਦੇ ਪੂਰੇ ਨਹੀਂ ਕੀਤੇ



ਮੁੱਖ ਮੰਤਰੀ ਨੇ ਕਾਂਗਰਸ ਅਤੇ ਆਮ ਆਦਮੀ ਪਾਰਟੀ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਚੋਣਾਂ ਦੇ ਸਮੇਂ ਇਨ੍ਹਾਂ ਪਾਰਟੀਆਂ ਵੱਲੋਂ ਜਨਤਾ ਨਾਲ ਵੱਡੇ-ਵੱਡੇ ਵਾਅਦੇ ਕੀਤੇ ਜਾਂਦੇ ਹਨ, ਪਰ ਸੱਤਾ ਵਿੱਚ ਆਉਣ ਤੋਂ ਬਾਅਦ ਉਨ੍ਹਾਂ ਵਾਅਦਿਆਂ ਨੂੰ ਪੂਰਾ ਕਰਨ ਦੀ ਬਜਾਏ ਪ੍ਰਚਾਰ ਅਤੇ ਇਸ਼ਤਿਹਾਰਾਂ 'ਤੇ ਜ਼ਿਆਦਾ ਧਿਆਨ ਦਿੱਤਾ ਜਾਂਦਾ ਹੈ। ਅੱਜ ਨਸ਼ੇ ਦੀ ਸਮੱਸਿਆ ਵਿਕਰਾਲ ਹੋ ਚੁੱਕੀ ਹੈ। ਨੌਜਵਾਨਾਂ ਨੂੰ ਰੁਜ਼ਗਾਰ ਦੇਣ ਦੇ ਵਾਅਦੇ ਵੀ ਪੂਰੇ ਨਹੀਂ ਹੋਏ। ਮੁੱਖ ਮੰਤਰੀ ਨੇ ਕਿਹਾ ਕਿ ਕਾਂਗਰਸ ਅਤੇ ਆਮ ਆਦਮੀ ਪਾਰਟੀ ਦੀਆਂ ਸਰਕਾਰਾਂ ਦੇ ਕਾਰਜਕਾਲ ਵਿੱਚ ਪੰਜਾਬ ਦੇ ਲੋਕਾਂ ਨੂੰ ਜਿਨ੍ਹਾਂ ਸਮੱਸਿਆਵਾਂ ਨਾਲ ਜੂਝਣਾ ਪਿਆ ਹੈ, ਉਨ੍ਹਾਂ ਦਾ ਜਵਾਬ ਇਨ੍ਹਾਂ ਪਾਰਟੀਆਂ ਨੂੰ ਜਨਤਾ ਨੂੰ ਦੇਣਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਹਰਿਆਣਾ ਵਿੱਚ ਭਾਜਪਾ ਸਰਕਾਰ ਨੇ ਜਨਤਾ ਨਾਲ ਕੀਤੇ ਗਏ 217 ਸੰਕਲਪਾਂ ਵਿੱਚੋਂ 74 ਸੰਕਲਪ ਪੂਰੇ ਕਰ ਦਿੱਤੇ ਹਨ ਅਤੇ ਬਾਕੀ 143 ਸੰਕਲਪਾਂ 'ਤੇ ਤੇਜ਼ੀ ਨਾਲ ਕੰਮ ਕੀਤਾ ਜਾ ਰਿਹਾ ਹੈ। ਔਰਤਾਂ ਦੇ ਸਸ਼ਕਤੀਕਰਨ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੇ ਔਰਤਾਂ ਨੂੰ ਆਰਥਿਕ ਸਹਾਇਤਾ ਦੇਣ ਦੇ ਵਾਅਦੇ ਕੀਤੇ, ਪਰ ਪੰਜਾਬ ਵਿੱਚ ਔਰਤਾਂ ਨੂੰ ਅੱਜ ਵੀ ਆਪਣੇ ਹੱਕ ਦੀ ਰਾਸ਼ੀ ਲਈ ਇੰਤਜ਼ਾਰ ਕਰਨਾ ਪੈ ਰਿਹਾ ਹੈ।

ਮੁੱਖ ਮੰਤਰੀ ਨੇ ਨੌਜਵਾਨਾਂ ਵਿੱਚ ਨਸ਼ੇ ਦੀ ਵਧਦੀ ਸਮੱਸਿਆ 'ਤੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਅੱਜ ਨੌਜਵਾਨਾਂ ਵਿੱਚ ਪ੍ਰਤਿਭਾ ਅਤੇ ਊਰਜਾ ਦੀ ਕੋਈ ਕਮੀ ਨਹੀਂ ਹੈ, ਲੋੜ ਉਨ੍ਹਾਂ ਨੂੰ ਸਹੀ ਦਿਸ਼ਾ ਦੇਣ ਦੀ ਹੈ। ਮੰਦਭਾਗਾ ਹੈ ਕਿ ਨੌਜਵਾਨ ਨਸ਼ੇ ਦੇ ਜਾਲ ਵਿੱਚ ਫਸਦੇ ਜਾ ਰਹੇ ਹਨ। ਆਮ ਆਦਮੀ ਪਾਰਟੀ ਨੇ ਛੇ ਮਹੀਨਿਆਂ ਵਿੱਚ ਨਸ਼ਾ ਖਤਮ ਕਰਨ ਦਾ ਵਾਅਦਾ ਕੀਤਾ ਸੀ, ਪਰ ਪੰਜਾਬ ਵਿੱਚ ਨਸ਼ੇ ਦੀ ਸਮੱਸਿਆ ਖਤਮ ਹੋਣ ਦੀ ਬਜਾਏ ਲਗਾਤਾਰ ਚਿੰਤਾ ਦਾ ਵਿਸ਼ਾ ਬਣੀ ਹੋਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਅਨੇਕਾਂ ਲੋਕ ਉਨ੍ਹਾਂ ਨੂੰ ਮਿਲ ਕੇ ਸ਼ਿਕਾਇਤ ਕਰਦੇ ਹਨ ਕਿ ਨਸ਼ੇ ਦੇ ਕਾਰੋਬਾਰ ਖ਼ਿਲਾਫ਼ ਸ਼ਿਕਾਇਤ ਕਰਨ 'ਤੇ ਸ਼ਿਕਾਇਤਕਰਤਾਵਾਂ ਨੂੰ ਹੀ ਪ੍ਰੇਸ਼ਾਨ ਕੀਤਾ ਜਾਂਦਾ ਹੈ ਅਤੇ ਉਨ੍ਹਾਂ ਖ਼ਿਲਾਫ਼ ਮਾਮਲੇ ਦਰਜ ਕੀਤੇ ਜਾਂਦੇ ਹਨ।

ਦੇਸ਼ ਦੇ ਨੌਜਵਾਨਾਂ ਨੂੰ ਨਸ਼ੇ ਤੋਂ ਬਚਾਉਣਾ ਅਤੇ ਉਨ੍ਹਾਂ ਨੂੰ ਵਿਕਾਸ ਦੀ ਮੁੱਖ ਧਾਰਾ ਨਾਲ ਜੋੜਨਾ ਸਰਕਾਰ ਦੀ ਤਰਜੀਹ ਹੈ। ਹਰਿਆਣਾ ਵਿੱਚ ਨੌਜਵਾਨਾਂ ਨੂੰ ਖੇਡਾਂ ਅਤੇ ਸਕਾਰਾਤਮਕ ਗਤੀਵਿਧੀਆਂ ਨਾਲ ਜੋੜਨ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਉਹ ਹਰ ਮਹੀਨੇ ਇੱਕ ਲੱਖ ਤੋਂ ਵੱਧ ਨੌਜਵਾਨਾਂ ਦੀ ਸ਼ਮੂਲੀਅਤ ਵਾਲੀ ਮੈਰਾਥਨ ਰਾਹੀਂ ਨੌਜਵਾਨਾਂ ਨੂੰ ਸਿਹਤਮੰਦ ਜੀਵਨ ਸ਼ੈਲੀ ਅਤੇ ਨਸ਼ੇ ਤੋਂ ਦੂਰ ਰਹਿਣ ਦਾ ਸੰਦੇਸ਼ ਦਿੰਦੇ ਹਨ।

ਮੁੱਖ ਮੰਤਰੀ ਨੇ ਪੰਜਾਬ ਵਿੱਚ ਆਏ ਹੜ੍ਹਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਸੰਕਟ ਦੀ ਉਸ ਘੜੀ ਵਿੱਚ ਕੇਂਦਰ ਸਰਕਾਰ ਨੇ ਪੰਜਾਬ ਲਈ 1,600 ਕਰੋੜ ਰੁਪਏ ਅਤੇ ਹਿਮਾਚਲ ਪ੍ਰਦੇਸ਼ ਲਈ 1,500 ਕਰੋੜ ਰੁਪਏ ਦੀ ਸਹਾਇਤਾ ਦਿੱਤੀ ਸੀ। ਇਸ ਦੇ ਬਾਵਜੂਦ ਪੰਜਾਬ ਸਰਕਾਰ ਵੱਲੋਂ ਸਹਾਇਤਾ ਰਾਸ਼ੀ ਨੂੰ ਲੈ ਕੇ ਸਵਾਲ ਚੁੱਕੇ ਗਏ। ਉਨ੍ਹਾਂ ਦੋਸ਼ ਲਾਇਆ ਕਿ ਪੰਜਾਬ ਸਰਕਾਰ ਨੂੰ ਜਨਤਾ ਨੂੰ ਦੱਸਣਾ ਚਾਹੀਦਾ ਹੈ ਕਿ ਹੜ੍ਹ ਪ੍ਰਭਾਵਿਤ ਲੋਕਾਂ ਦੀ ਸਹਾਇਤਾ ਅਤੇ ਮੁੜ ਵਸੇਬੇ ਲਈ ਇਨ੍ਹਾਂ ਸਾਧਨਾਂ ਦੀ ਕਿੰਨੀ ਵਰਤੋਂ ਕੀਤੀ ਗਈ ਅਤੇ ਇਸ਼ਤਿਹਾਰਾਂ ਤੇ ਹੋਰਡਿੰਗਾਂ 'ਤੇ ਕਿੰਨਾ ਖਰਚ ਕੀਤਾ ਗਿਆ।

ਬਜ਼ੁਰਗਾਂ, ਗਰੀਬਾਂ ਅਤੇ ਔਰਤਾਂ ਦੀ ਭਲਾਈ ਲਈ ਹਰਿਆਣਾ ਵਿੱਚ ਹੋ ਰਿਹਾ ਕੰਮ

ਮੁੱਖ ਮੰਤਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਗਰੀਬ, ਕਿਸਾਨ, ਨੌਜਵਾਨ, ਔਰਤਾਂ ਅਤੇ ਸਮਾਜ ਦੇ ਹਰ ਵਰਗ ਦੀ ਭਲਾਈ ਲਈ ਅਨੇਕਾਂ ਯੋਜਨਾਵਾਂ ਚਲਾਈਆਂ ਜਾ ਰਹੀਆਂ ਹਨ। ਹਰਿਆਣਾ ਵਿੱਚ ਇਨ੍ਹਾਂ ਯੋਜਨਾਵਾਂ ਰਾਹੀਂ ਲੋਕਾਂ ਨੂੰ ਲਾਭ ਮਿਲ ਰਿਹਾ ਹੈ। ਉਨ੍ਹਾਂ ਦਾ ਸੰਕਲਪ ਹੈ ਕਿ ਇਨ੍ਹਾਂ ਲੋਕ-ਭਲਾਈ ਯੋਜਨਾਵਾਂ ਦਾ ਲਾਭ ਪੰਜਾਬ ਦੇ ਲੋਕਾਂ ਤੱਕ ਵੀ ਪਹੁੰਚੇ, ਤਾਂ ਜੋ ਕਿਸਾਨ ਨੂੰ ਉਸ ਦੀ ਫ਼ਸਲ ਦਾ ਉਚਿਤ ਮੁੱਲ ਮਿਲੇ, ਔਰਤਾਂ ਨੂੰ ਆਰਥਿਕ ਸੁਰੱਖਿਆ ਮਿਲੇ, ਨੌਜਵਾਨਾਂ ਨੂੰ ਰੁਜ਼ਗਾਰ ਅਤੇ ਬਜ਼ੁਰਗਾਂ ਨੂੰ ਸਨਮਾਨਜਨਕ ਜੀਵਨ ਮਿਲੇ।

ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਲਈ ਭਾਜਪਾ ਸਰਕਾਰ ਜ਼ਰੂਰੀ: ਰਣਬੀਰ ਗੰਗਵਾ

ਹਰਿਆਣਾ ਦੇ ਕੈਬਨਿਟ ਮੰਤਰੀ ਸ੍ਰੀ ਰਣਬੀਰ ਗੰਗਵਾ ਨੇ ਕਿਹਾ ਕਿ ਪੰਜਾਬ ਵਿੱਚ ਅੱਜ ਨਸ਼ੇ ਅਤੇ ਚਿੱਟੇ ਦਾ ਕਾਰੋਬਾਰ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ। ਪੰਜਾਬ ਦੇ ਲੋਕਾਂ ਨੇ ਆਮ ਆਦਮੀ ਪਾਰਟੀ ਨੂੰ ਇਸ ਉਮੀਦ ਨਾਲ ਵੋਟ ਦਿੱਤੀ ਸੀ ਕਿ ਸੂਬੇ ਵਿੱਚੋਂ ਨਸ਼ੇ ਦਾ ਖਾਤਮਾ ਹੋਵੇਗਾ, ਪਰ ਅੱਜ ਸਥਿਤੀ ਸਭ ਦੇ ਸਾਹਮਣੇ ਹੈ। ਉਨ੍ਹਾਂ ਕਿਹਾ ਕਿ ਜੋ ਭਗਵੰਤ ਮਾਨ ਖੁਦ ਆਪਣੇ ਉੱਪਰ ਨਸ਼ੇ 'ਤੇ ਰੋਕ ਲਾਉਣ ਵਿੱਚ ਅਸਫਲ ਰਹੇ ਹਨ, ਉਹ ਪੰਜਾਬ ਨੂੰ ਨਸ਼ਾ ਮੁਕਤ ਕਿਵੇਂ ਬਣਾਉਣਗੇ। ਕਦੇ ਪੰਜਾਬ ਦੇਸ਼ ਦਾ ਮੋਹਰੀ ਸੂਬਾ ਹੋਇਆ ਕਰਦਾ ਸੀ, ਪਰ ਨਸ਼ੇ ਦੀ ਸਮੱਸਿਆ ਨੇ ਸੂਬੇ ਦੀ ਤਰੱਕੀ ਨੂੰ ਪ੍ਰਭਾਵਿਤ ਕੀਤਾ ਹੈ ਅਤੇ ਨੌਜਵਾਨਾਂ ਦੇ ਭਵਿੱਖ 'ਤੇ ਗੰਭੀਰ ਸੰਕਟ ਖੜ੍ਹਾ ਕੀਤਾ ਹੈ। ਉਨ੍ਹਾਂ ਕਿਹਾ ਕਿ ਭਾਰਤੀ ਜਨਤਾ ਪਾਰਟੀ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਅਤੇ ਨੌਜਵਾਨਾਂ ਨੂੰ ਨਵੀਂ ਦਿਸ਼ਾ ਦੇਣ ਲਈ ਵਚਨਬੱਧ ਹੈ। ਪੰਜਾਬ ਵਿੱਚ ਭਾਜਪਾ ਦੀ ਸਰਕ

ਗੁਦਾਮ ਵਿੱਚ ਅੱਗ ਲੱਗਣ ਕਾਰਨ ਲੱਖਾਂ ਦਾ ਨੁਕਸਾਨ

ਪਿਹੋਵਾ, 14 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਦੀਵਾਲੀ ਦੀ ਰਾਤ ਪਿਹੋਵਾ ਦੇ ਕੈਥਲ ਰੋਡ 'ਤੇ ਵਾਹਨਾਂ ਦੇ ਕਬਾੜ ਦੇ ਗੁਦਾਮ ਵਿੱਚ ਅੱਗ ਲੱਗ ਗਈ। ਇਸ ਦੌਰਾਨ ਗੁਦਾਮ ਵਿੱਚ ਰੱਖੇ ਪੁਰਾਣੇ ਟਾਇਰਾਂ, ਪਲਾਸਟਿਕ, ਰਬੜ ਅਤੇ ਵਾਹਨਾਂ ਦੀ ਸਕਰੈਪ ਸੜ ਕੇ ਸੁਆਹ ਹੋ ਗਈ। ਹਾਦਸੇ ਕਾਰਨ ਕਰੀਬ 5-6 ਲੱਖ ਰੁਪਏ ਦਾ ਨੁਕਸਾਨ ਹੋਣ ਦਾ ਅਨੁਮਾਨ ਹੈ ਤੇ ਇਸ ਦੌਰਾਨ ਜਾਨੀ ਨੁਕਸਾਨ ਤੋਂ ਬਚਾਅ ਰਿਹਾ। ਗੁਦਾਮ ਵਿੱਚੋਂ ਅੱਗ ਦੀਆਂ ਲਪਟਾਂ ਜਦੋਂ ਨੇੜਲੀਆਂ ਦੁਕਾਨਾਂ ਵੱਲ ਵਧਣ ਲੱਗੀਆਂ ਤਾਂ ਲੋਕ ਡਰ ਗਏ। ਉਨ੍ਹਾਂ ਨੇ ਖੁਦ ਅੱਗ ਬੁਝਾਉਣ ਦੀ ਕੋਸ਼ਿਸ਼ ਕੀਤੀ, ਪਰ ਅੱਗ ਇੰਨੀ ਫੈਲ ਚੁੱਕੀ ਸੀ ਕਿ ਇਸ 'ਤੇ ਕਾਬੂ ਨਹੀਂ ਪਾਇਆ ਜਾ ਸਕਿਆ। ਇਸ ਤੋਂ ਬਾਅਦ ਆਸ-ਪਾਸ ਦੇ ਲੋਕ ਵੀ ਮੌਕੇ 'ਤੇ ਇਕੱਠੇ ਹੋ ਗਏ ਅਤੇ ਆਪਣੇ ਪੱਧਰ 'ਤੇ ਅੱਗ ਬੁਝਾਉਣ ਦਾ ਯਤਨ ਕੀਤਾ, ਪਰ ਗੁਦਾਮ ਵਿੱਚ ਪਏ ਪੁਰਾਣੇ ਟਾਇਰਾਂ ਅਤੇ ਪਲਾਸਟਿਕ ਦੇ ਸਾਮਾਨ ਕਾਰਨ ਅੱਗ ਲਗਾਤਾਰ ਵਧਦੀ ਗਈ। ਇਸ ਤੋਂ ਬਾਅਦ ਡਾਇਲ-112 'ਤੇ ਸੂਚਨਾ ਦਿੱਤੀ ਗਈ। ਸੂਚਨਾ ਮਿਲਦਿਆਂ ਹੀ ਫਾਇਰ ਬ੍ਰਿਗੇਡ ਦੀ ਟੀਮ ਮੌਕੇ 'ਤੇ ਪਹੁੰਚ ਗਈ ਅਤੇ ਲਗਪਗ 3-4 ਘੰਟੇ ਦੀ ਮੁਸ਼ੱਕਤ ਤੋਂ ਬਾਅਦ ਫਾਇਰ ਬ੍ਰਿਗੇਡ ਦੀਆਂ 3 ਗੱਡੀਆਂ ਨੇ ਅੱਗ ਬੁਝਾਈ। ਅੱਗ ਕਾਰਨ ਗੁਦਾਮ ਵਿੱਚ ਰੱਖਿਆ ਸਾਰਾ ਸਕਰੈਪ ਸੜ ਕੇ ਸੁਆਹ ਹੋ ਗਿਆ। ਗੁਦਾਮ ਮਾਲਕ ਨੂੰ ਅੱਗ ਲੱਗਣ ਦੀ ਸੂਚਨਾ ਪਹਿਲਾਂ ਗੁਆਂਢੀ ਤੋਂ ਮਿਲੀ। ਮਾਲਕ ਨੇ ਦੱਸਿਆ ਕਿ ਉਹ ਦੀਵਾਲੀ ਵਾਲੀ ਦਿਨ ਸ਼ਾਮ 5:30 ਵਜੇ ਦੇ ਕਰੀਬ ਗੁਦਾਮ ਬੰਦ ਕਰ ਕੇ ਘਰ ਗਿਆ ਸੀ। ਕਰੀਬ 2 ਘੰਟੇ ਬਾਅਦ ਗੁਆਂਢੀ ਨੇ ਫੋਨ ਕਰਕੇ ਗੁਦਾਮ ਨੂੰ ਅੱਗ ਲੱਗਣ ਦੀ ਸੂਚਨਾ ਦਿੱਤੀ, ਜਿਸ ਤੋਂ ਬਾਅਦ ਉਹ ਤੁਰੰਤ ਮੌਕੇ 'ਤੇ ਪਹੁੰਚ ਗਏ। ਉੱਥੇ ਅੱਗ ਬਹੁਤ ਤੇਜ਼ੀ ਨਾਲ ਫੈਲ ਰਹੀ ਸੀ। ਟਾਇਰਾਂ ਅਤੇ ਪਲਾਸਟਿਕ ਵਿੱਚ ਅੱਗ ਲੱਗਣ ਕਾਰਨ ਫਾਇਰ ਫਾਈਟਰਜ਼ ਨੂੰ ਅੱਗ ਬੁਝਾਉਣ ਵਿੱਚ ਕਾਫੀ ਮੁਸ਼ਕਲ ਆਈ; ਜੇ ਫਾਇਰ ਬ੍ਰਿਗੇਡ ਦੀ ਟੀਮ ਇੱਕ ਪਾਸੇ ਤੋਂ ਅੱਗ ਬੁਝਾਉਂਦੀ ਤਾਂ ਦੂਜੇ ਪਾਸੇ ਤੋਂ ਲਪਟਾਂ ਉੱਠਣ ਲੱਗਦੀਆਂ। ਅੱਗ ਨੂੰ ਫੈਲਣ ਤੋਂ ਰੋਕਣ ਲਈ ਗੁਦਾਮ ਵਿੱਚ ਪਏ ਸਕਰੈਪ ਨੂੰ ਜੇ ਸੀ ਬੀ ਦੀ ਮਦਦ ਨਾਲ ਹਟਾਇਆ ਗਿਆ ਤਾਂ ਜੋ ਅੰਦਰ ਸੜ ਰਹੇ ਸਮਾਨ ਤੱਕ ਪਹੁੰਚ ਕੇ ਅੱਗ 'ਤੇ ਕਾਬੂ ਪਾਇਆ ਜਾ ਸਕੇ। ਜਦੋਂ ਅੱਗ ਦੀਆਂ ਲਪਟਾਂ ਨੇੜਲੀਆਂ ਦੁਕਾਨਾਂ ਵੱਲ ਵਧੀਆਂ ਤਾਂ ਦੁਕਾਨਦਾਰਾਂ ਨੂੰ ਆਪਣੀਆਂ ਦੁਕਾਨਾਂ ਸੜਨ ਦਾ ਡਰ ਸਤਾਉਣ ਲੱਗਾ, ਪਰ ਫਾਇਰ ਕਰਮੀਆਂ ਨੇ ਲਗਾਤਾਰ ਮਿਹਨਤ ਕਰਕੇ ਅੱਗ 'ਤੇ ਕਾਬੂ ਪਾ ਲਿਆ।

ਗੁਦਾਮ ਦੇ ਸੈਚਾਲਕ ਅਤੇ ਆਸ-ਪਾਸ ਦੇ ਲੋਕਾਂ ਨੇ ਖ਼ਦਸ਼ਾ ਪ੍ਰਗਟਾਇਆ ਹੈ ਕਿ ਗੁਦਾਮ ਨੂੰ ਅੱਗ ਦੀਵਾਲੀ ਮੌਕੇ ਪਟਾਕਿਆਂ ਕਾਰਨ ਲੱਗੀ ਹੋ ਸਕਦੀ ਹੈ, ਹਾਲਾਂਕਿ ਅੱਗ ਲੱਗਣ ਦੇ ਅਸਲ ਕਾਰਨਾਂ ਦੀ ਜਾਂਚ ਤੋਂ ਬਾਅਦ ਹੀ ਸਥਿਤੀ ਸਪੱਸ਼ਟ ਹੋਵੇਗੀ।

ਪਰਾਲੀ ਪ੍ਰਬੰਧਨ ਬਾਰੇ ਜਾਗਰੂਕਤਾ ਮਾਰਚ



ਰਤੀਆ, 14 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਫਸਲੀ ਰਹਿੰਦ-ਖੂੰਹਦ ਪ੍ਰਬੰਧਨ ਯੋਜਨਾ ਤਹਿਤ ਬਲਾਕ ਫਤਿਹਾਬਾਦ ਦੇ ਸਾਰੇ ਪਿੰਡਾਂ ਵਿੱਚ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਅਤੇ ਫਸਲੀ ਰਹਿੰਦ-ਖੂੰਹਦ ਦੇ ਢੁੱਕਵੇਂ ਪ੍ਰਬੰਧਨ ਬਾਰੇ ਜਾਗਰੂਕ ਕਰਨ ਲਈ ਫਲੈਗ ਮਾਰਚ ਕੱਢਿਆ ਗਿਆ। ਮਿਨੀ ਸਕੱਤਰੇਤ ਕੰਪਲੈਕਸ ਤੋਂ ਫਲੈਗ ਮਾਰਚ ਨੂੰ ਤਹਿਸੀਲਦਾਰ ਸੁਰਿੰਦਰ ਸਿੰਘ ਨੇ ਝੰਡੀ ਵਿਖਾ ਕੇ ਰਵਾਨਾ ਕੀਤਾ। ਇਹ ਮਾਰਚ ਨਿਰਧਾਰਤ ਰੂਟ ਚਾਰਟ ਅਨੁਸਾਰ ਸਾਰੇ ਪਿੰਡਾਂ ਵਿੱਚੋਂ ਹੋ ਕੇ ਲੰਘਿਆ। ਇਸ ਮੌਕੇ ਉਪ-ਮੰਡਲ ਖੇਤੀਬਾੜੀ ਅਧਿਕਾਰੀ ਡਾ. ਸੰਜੇ ਮੇਚੂ, ਬਲਾਕ ਖੇਤੀਬਾੜੀ ਅਧਿਕਾਰੀ ਡਾ. ਜੈ ਕੁਮਾਰ ਭੋਰੀਆ, ਸਹਾਇਕ ਖੇਤੀਬਾੜੀ ਇੰਜੀਨੀਅਰ ਦਫ਼ਤਰ ਤੋਂ ਖੇਤੀਬਾੜੀ ਵਿਕਾਸ ਅਧਿਕਾਰੀ ਨੀਰਜ ਕੁਮਾਰ ਸਮੇਤ ਹੋਰ ਅਧਿਕਾਰੀਆਂ ਵੱਲੋਂ ਕਿਸਾਨਾਂ ਨੂੰ ਪਰਾਲੀ ਪ੍ਰਬੰਧਨ ਦੀਆਂ ਆਧੁਨਿਕ ਤਕਨੀਕਾਂ ਅਤੇ ਖੇਤੀਬਾੜੀ ਮਸ਼ੀਨਰੀ ਦੀ ਵਰਤੋਂ ਬਾਰੇ ਜਾਣਕਾਰੀ ਦਿੱਤੀ ਗਈ। ਮਾਲ ਵਿਭਾਗ ਵੱਲੋਂ ਪਰਾਲੀ ਸਾੜਨ ਦੀਆਂ ਘਟਨਾਵਾਂ 'ਤੇ ਨਿਗਰਾਨੀ ਅਤੇ ਪੰਚਾਇਤ ਵਿਭਾਗ ਵੱਲੋਂ ਪਿੰਡ ਪੱਧਰ 'ਤੇ ਕਿਸਾਨਾਂ ਨੂੰ ਜਾਗਰੂਕ ਕਰਨ ਵਿੱਚ ਸਹਿਯੋਗ ਦਿੱਤਾ ਗਿਆ। ਮੌਕੇ 'ਤੇ ਮੌਜੂਦ ਅਧਿਕਾਰੀਆਂ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਪਰਾਲੀ ਨਾ ਸਾੜਨ ਅਤੇ ਵਾਤਾਵਰਨ ਦੀ ਸੰਭਾਲ ਵਿੱਚ ਆਪਣਾ ਯੋਗਦਾਨ ਪਾਉਣ।

ਜੇਲ੍ਹਾਂ 'ਚ ਨਸ਼ੇ ਦੇ ਆਦੀ ਕੈਦੀਆਂ ਦਾ ਮੁਫ਼ਤ ਇਲਾਜ ਕਰਵਾਏਗਾ ਹਾਈ ਕੋਰਟ; 3 ਪੜਾਵਾਂ 'ਚ ਬਣੇਗੀ ਯੋਜਨਾ

ਚੰਡੀਗੜ੍ਹ, 14 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਅਤੇ ਹਰਿਆਣਾ ਹਾਈ ਕੋਰਟ ਜੇਲ੍ਹਾਂ ਵਿੱਚ ਨਸ਼ੇ (ਓਪੀਓਇਡ) ਦੇ ਆਦੀ ਕੈਦੀਆਂ ਲਈ ਤਿੰਨ-ਪੜਾਵੀ ਇਲਾਜ ਪ੍ਰੋਟੋਕੋਲ ਨੂੰ ਅੰਤਿਮ ਰੂਪ ਦੇਣ ਦੀ ਦਿਸ਼ਾ ਵੱਲ ਵਧ ਰਹੀ ਹੈ। ਇਸ ਕਾਰਜ ਪ੍ਰਣਾਲੀ (ਪ੍ਰੋਟੋਕੋਲ) ਨੂੰ ਪੂਰੀ ਤਰ੍ਹਾਂ ਲਾਗੂ ਕਰਨ ਲਈ ਅਦਾਲਤ ਨੇ ਪੀਜੀਆਈਐੱਮਈਆਰ ਚੰਡੀਗੜ੍ਹ ਦੇ ਮਨੋਰੋਗ (ਸਾਈਕੀਆਟਰੀ) ਵਿਭਾਗ ਦੇ ਮੁਖੀ ਨੂੰ ਇਹ ਖੁੱਲ੍ਹ ਦਿੱਤੀ ਹੈ ਕਿ ਉਹ ਸਬੰਧਤ ਸੂਬਿਆਂ ਤੋਂ ਲੋੜੀਂਦੇ ਬਜਟ ਅਤੇ ਹੋਰ ਜ਼ਰੂਰੀ ਕਦਮਾਂ ਬਾਰੇ ਦੱਸ ਸਕਦੇ ਹਨ।

ਇਹ ਘਟਨਾਕ੍ਰਮ ਇਸ ਲਈ ਅਹਿਮ ਹੈ ਕਿਉਂਕਿ ਇਸ ਕਵਾਇਦ ਦਾ ਮਕਸਦ ਮਾਹਿਰਾਂ ਵੱਲੋਂ ਤਿਆਰ ਕੀਤੇ ਇਲਾਜ ਪ੍ਰੋਟੋਕੋਲ ਨੂੰ ਸਰਕਾਰਾਂ ਦੇ ਸਹਿਯੋਗ ਨਾਲ ਜੇਲ੍ਹਾਂ ਵਿੱਚ ਅਮਲੀ ਰੂਪ ਦੇਣਾ ਹੈ।

ਇਸ ਤੋਂ ਪਹਿਲਾਂ, ਅਦਾਲਤ ਨੇ ਹਰਿਆਣਾ ਸਰਕਾਰ ਵੱਲੋਂ ਦਾਇਰ ਹਲਫ਼ਨਾਮਾ ਰਿਕਾਰਡ 'ਤੇ ਲਿਆ ਸੀ। ਹਰਿਆਣਾ ਦੀਆਂ ਜੇਲ੍ਹਾਂ ਦੇ 27,111 ਕੈਦੀਆਂ ਵਿੱਚੋਂ 1,295 ਕੈਦੀ ਨਸ਼ੇ ਦੀ ਆਦਤ ਦਾ ਇਲਾਜ ਕਰਵਾ ਰਹੇ ਸਨ। ਇਲਾਜ ਦੀ ਸੁਵਿਧਾ ਮਿਲਣ ਤੋਂ ਬਾਅਦ ਇਹ ਗਿਣਤੀ 1,829 ਤੋਂ ਘਟ ਕੇ 1,295 ਰਹਿ ਗਈ (ਯਾਨੀ 534 ਕੈਦੀ ਠੀਕ ਹੋਏ)।

ਦੂਜੇ ਪਾਸੇ, ਅਦਾਲਤ ਦੇ ਮਿੱਤਰ (ਅਮੀਕਸ ਕਿਊਰੀ) ਨੇ ਪੰਜਾਬ ਦੀਆਂ ਜੇਲ੍ਹਾਂ ਦੀ ਇੱਕ ਗੰਭੀਰ ਸਮੱਸਿਆ ਵੱਲ ਧਿਆਨ ਦਿਵਾਇਆ ਸੀ, ਜਿੱਥੇ ਜੇਲ੍ਹ ਵਿੱਚ ਆਉਣ ਤੋਂ ਬਾਅਦ ਨਸ਼ੇ ਦੇ ਆਦੀ ਬਣਨ ਵਾਲੇ ਕੈਦੀਆਂ ਦੀ ਗਿਣਤੀ ਵਿੱਚ 83 ਫੀਸਦੀ ਵਾਧਾ ਦਰਜ ਕੀਤਾ ਗਿਆ। ਬੈਂਚ ਨੇ ਟਿੱਪਣੀ ਕੀਤੀ ਸੀ ਕਿ ਜੇਲ੍ਹ ਵਿੱਚ ਆਉਣ ਵੇਲੇ ਇਲਾਜ ਲਈ ਰਜਿਸਟਰਡ ਕੈਦੀਆਂ ਦੇ ਮੁਕਾਬਲੇ ਇਹ ਗਿਣਤੀ 4 ਤੋਂ 5 ਗੁਣਾ ਵੱਧ ਗਈ ਸੀ।

ਮਾਮਲੇ ਦੀ ਸੁਣਵਾਈ ਕਰਦਿਆਂ ਮੁੱਖ ਜਸਟਿਸ ਅਸ਼ਵਨੀ ਕੁਮਾਰ ਮਿਸ਼ਰਾ ਅਤੇ ਜਸਟਿਸ ਰੋਹਿਤ ਕਪੂਰ ਦੇ ਬੈਂਚ ਨੇ ਦੱਸਿਆ ਕਿ ਪੀਜੀਆਈ ਦੇ ਮਨੋਰੋਗ ਵਿਭਾਗ ਦੇ ਮੁਖੀ ਨੇ ਇਲਾਜ ਪ੍ਰੋਟੋਕੋਲ ਸਬੰਧੀ ਹਲਫ਼ਨਾਮਾ ਦਾਇਰ ਕੀਤਾ ਹੈ। ਇਸ ਪ੍ਰੋਟੋਕੋਲ ਵਿੱਚ ਤਿੰਨ ਪੜਾਅ ਸ਼ਾਮਲ ਹਨ, ਜੋ ਕੈਦੀਆਂ ਦੀਆਂ ਸਮੱਸਿਆਵਾਂ ਅਨੁਸਾਰ ਇਲਾਜ ਦਾ ਸੁਝਾਅ ਦਿੰਦੇ ਹਨ।

ਅਮੀਕਸ ਕਿਊਰੀ ਤਨੂ ਬੇਦੀ ਅਤੇ ਰਾਜ ਦੇ ਵਕੀਲ ਨਾਲ ਵਿਚਾਰ-ਵਟਾਂਦਰਾ ਕਰਨ ਤੋਂ ਬਾਅਦ ਬੈਂਚ ਨੇ ਕਿਹਾ ਕਿ ਸਾਰੀਆਂ ਧਿਰਾਂ ਵਿਚਕਾਰ ਇਹ ਸਹਿਮਤੀ ਬਣੀ ਹੈ ਕਿ ਇੱਕ ਕਮੇਟੀ ਦੁਬਾਰਾ ਬੈਠਕ ਕਰੇਗੀ ਅਤੇ ਪ੍ਰੋਟੋਕੋਲ ਦੇ ਮੁੱਖ ਪੁਆਇੰਟਾਂ ਨੂੰ ਅੰਤਿਮ ਛੋਹਾਂ ਦੇਵੇਗੀ, ਤਾਂ ਜੋ ਇਸ ਨੂੰ ਪੂਰੀ ਤਰ੍ਹਾਂ ਲਾਗੂ ਕੀਤਾ ਜਾ ਸਕੇ।

ਅਦਾਲਤ ਨੇ ਪੀਜੀਆਈ ਦੇ ਸਾਈਕੀਆਟਰੀ ਵਿਭਾਗ ਦੇ ਮੁਖੀ ਨੂੰ ਇਹ ਅਧਿਕਾਰ ਦਿੱਤਾ ਹੈ ਕਿ ਉਹ ਸੂਬਿਆਂ ਤੋਂ ਲੋੜੀਂਦੀ ਬਜਟ ਰਾਸ਼ੀ ਅਤੇ ਹੋਰ ਪ੍ਰਬੰਧਾਂ ਦਾ ਵੇਰਵਾ ਦੇਣ, ਜਿਸ ਬਾਰੇ ਸਬੰਧਤ ਸੂਬਿਆਂ ਨੂੰ ਸੂਚਿਤ ਕਰਕੇ ਉਨ੍ਹਾਂ ਦਾ ਸਹਿਯੋਗ ਲਿਆ ਜਾਵੇਗਾ। ਅਦਾਲਤ ਨੇ ਆਸ ਪ੍ਰਗਟਾਈ ਕਿ ਮਾਹਿਰਾਂ ਵੱਲੋਂ ਮੰਗੀ ਗਈ ਸਹਾਇਤਾ ਸਰਕਾਰਾਂ ਰਾਹੀਂ ਤੁਰੰਤ ਦਿੱਤੀ ਜਾਵੇਗੀ।

ਅਦਾਲਤ ਨੇ ਸਪੱਸ਼ਟ ਕੀਤਾ ਕਿ ਇਹ ਮੁੱਦਾ ਬਹੁਤ ਗੰਭੀਰ ਹੈ ਅਤੇ ਜਾਰੀ ਕੀਤੇ ਨਿਰਦੇਸ਼ ਵੱਡੇ ਜਨਤਕ ਹਿੱਤ ਨਾਲ ਜੁੜੇ ਹੋਏ ਹਨ, ਇਸ ਲਈ ਸੂਬਾ ਸਰਕਾਰਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੇ ਅਧਿਕਾਰੀ ਇਸ ਨੂੰ ਕਿਸੇ ਵਿਰੋਧੀ ਲੜਾਈ ਵਜੋਂ ਨਾ ਲੈਣ। ਮਾਮਲੇ ਵਿੱਚ ਚੁੱਕੇ ਜਾਣ ਵਾਲੇ ਉਪਾਵਾਂ ਬਾਰੇ ਹਲਫ਼ਨਾਮਾ ਦਾਇਰ ਕਰਨ ਦੇ ਨਿਰਦੇਸ਼ ਦਿੰਦਿਆਂ ਅਦਾਲਤ ਨੇ ਅਗਲੀ ਸੁਣਵਾਈ 15 ਦਸੰਬਰ ਲਈ ਤੈਅ ਕੀਤੀ ਹੈ।

ਹਰਿਆਣਾ ਸਰਕਾਰ ਹਰ ਮੋਰਚੇ 'ਤੇ ਨਾਕਾਮ: ਬਰਜਿੰਦਰ ਸਿੰਘ



ਜੀਂਦ, 14 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਸਾਬਕਾ ਸੰਸਦ ਮੈਂਬਰ ਅਤੇ ਸੀਨੀਅਰ ਕਾਂਗਰਸੀ ਆਗੂ ਬਰਜਿੰਦਰ ਸਿੰਘ ਨੇ ਕਿਹਾ ਕਿ ਦਿੱਲੀ ਵਿੱਚ 'ਇੰਡੀਆ' ਬਲਾਕ ਦੀ ਰੈਲੀ ਮਗਰੋਂ ਭਾਜਪਾ ਆਗੂਆਂ ਦੀ ਨੀਂਦ ਉੱਡ ਗਈ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਭਾਜਪਾ ਦੀ ਸਰਕਾਰ ਵੋਟ ਚੋਰੀ ਨਾਲ ਬਣੀ ਹੈ ਅਤੇ ਕੇਂਦਰ ਤੇ ਰਾਜ ਸਰਕਾਰ ਹਰ ਮੋਰਚੇ 'ਤੇ ਅਸਫਲ ਸਾਬਤ ਹੋ ਰਹੀ ਹੈ। ਉਹ ਉਚਾਨਾ ਦੇ ਰਜਵਾਹਾ ਰੋਡ ਸਥਿਤ ਦਲਬੀਰ ਸਿਓਕੰਦ ਦੇ ਨਿਵਾਸ ਸਥਾਨ 'ਤੇ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ। ਬਰਜਿੰਦਰ ਸਿੰਘ ਨੇ ਭਾਜਪਾ ਨੂੰ ਘੇਰਦਿਆਂ ਕਿਹਾ ਕਿ ਦੇਸ਼ ਵਿੱਚ ਲਗਾਤਾਰ ਮਹਿੰਗਾਈ ਵਧ ਰਹੀ ਹੈ ਅਤੇ ਆਮ ਵਿਅਕਤੀ ਕਈ ਸਮੱਸਿਆਵਾਂ ਦਾ ਸਾਹਮਣਾ ਕਰ ਰਿਹਾ ਹੈ। ਰਾਹੁਲ ਗਾਂਧੀ ਨੂੰ ਸੁਣਨ ਲਈ ਉਮੜੀ ਲੋਕਾਂ ਦੀ ਭੀੜ ਇਸ ਗੱਲ ਦਾ ਸੰਕੇਤ ਹੈ ਕਿ ਆਉਣ ਵਾਲੇ ਸਮੇਂ ਵਿੱਚ ਭਾਜਪਾ ਨੂੰ ਸੱਤਾ ਤੋਂ ਬਾਹਰ ਹੋਣਾ ਪਵੇਗਾ। ਉਨ੍ਹਾਂ ਕਿਹਾ ਕਿ ਝੂਠ ਦਾ ਘੜਾ ਭਰ ਗਿਆ ਹੈ। ਉਨ੍ਹਾਂ ਕਿਸਾਨਾਂ ਦੇ ਮੁੱਦੇ 'ਤੇ ਸਰਕਾਰ ਨੂੰ ਘੇਰਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪ੍ਰਧਾਨ ਮੰਤਰੀ ਬਣੇ 12 ਸਾਲ ਤੋਂ ਵੱਧ ਦਾ ਸਮਾਂ ਹੋ ਗਿਆ ਹੈ; ਕਿਸਾਨਾਂ ਦੀ ਆਮਦਨੀ ਦੁੱਗਣੀ ਕਰਨ ਦਾ ਵਾਅਦਾ ਕੀਤਾ ਗਿਆ ਸੀ, ਪਰ ਕਿਸਾਨਾਂ ਦੀ ਆਮਦਨੀ ਤਾਂ ਦੁੱਗਣੀ ਨਹੀਂ ਹੋਈ, ਸਗੋਂ ਉਨ੍ਹਾਂ ਦਾ ਕਰਜ਼ਾ ਜ਼ਰੂਰ ਦੁੱਗਣਾ ਹੋ ਗਿਆ ਹੈ। ਇਸ ਮੌਕੇ ਸੱਜਣ ਸਿੰਘ, ਹਰਿਦਰ ਸਿੰਘ, ਸੰਜੀਵ ਡੂਮਰਖਾਂ, ਸਾਬਕਾ ਸਰਪੰਚ ਸੁਰਿੰਦਰ ਸਿੰਘ ਸਿਓਕੰਦ ਉਚਾਨਾ ਖੁਰਦ, ਰਾਮਮਿਹਰ ਦਨੌਦਾ, ਦਲਬੀਰ ਸਿਓਕੰਦ, ਸੁਰਿੰਦਰ ਗਰਗ, ਨਰੇਸ਼ ਸਿਓਕੰਦ, ਮਨਜੀਤ ਘੋਗੜੀਆਂ, ਸੁਰਿੰਦਰ ਕਾਪੜੋਂ, ਅਜਮੇਰ ਅਤੇ ਵਿਕਾਸ ਛਾਤਰ ਸਹਿਤ ਕਈ ਵਰਕਰ ਹਾਜ਼ਰ ਸਨ।

ਸਰਕਾਰ ਗਊ ਸੇਵਾ ਲਈ ਸਮਰਪਿਤ: ਕ੍ਰਿਸ਼ਨ ਬੇਦੀ

ਜੀਂਦ, 14 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਸਮਾਜਿਕ ਨਿਆਂ ਅਤੇ ਅਧਿਕਾਰਿਤਾ ਮੰਤਰੀ ਕ੍ਰਿਸ਼ਨ ਕੁਮਾਰ ਬੇਦੀ ਨੇ ਨਰਵਾਣਾ ਦੇ ਰੈਸਟ ਹਾਊਸ ਵਿੱਚ ਗਊਸ਼ਾਲਾ ਸਮਿਤੀਆਂ ਲਈ ਮੁੱਖ ਮੰਤਰੀ ਹਰਿਆਣਾ ਵੱਲੋਂ ਜਾਰੀ ਕੀਤੀ ਗਈ ਅਨੁਦਾਨ ਰਾਸ਼ੀ ਵੰਡੀ। ਇਸ ਰਾਸ਼ੀ ਦੀ ਵਰਤੋਂ ਗਊਸ਼ਾਲਾਵਾਂ ਵਿੱਚ ਗਊਆਂ ਦੇ ਚਾਰੇ ਅਤੇ ਸ਼ੈੱਡ ਦਾ ਪ੍ਰਬੰਧ ਕਰਨ ਲਈ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਗਊ ਸੇਵਾ ਕਮਿਸ਼ਨ ਦੇ ਮਾਧਿਅਮ ਨਾਲ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਗਊਸ਼ਾਲਾਵਾਂ ਵਿੱਚ ਗਾਵਾਂ ਲਈ 71 ਲੱਖ 78 ਹਜ਼ਾਰ ਰੁਪਏ ਦੀ ਰਾਸ਼ੀ ਜਾਰੀ ਕੀਤੀ ਹੈ। ਉਨ੍ਹਾਂ ਨੇ ਕਿਹਾ ਕਿ ਸਰਕਾਰ ਗਾਵਾਂ ਦੀ ਸੇਵਾ ਲਈ ਸਦਾ ਸਮਰਪਿਤ ਹੈ। ਉਨ੍ਹਾਂ ਨੇ ਇਸ ਸਹਾਇਤਾ ਲਈ ਮੁੱਖ ਮੰਤਰੀ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਸਰਕਾਰ ਦਾ ਮੰਤਵ ਗਊਸ਼ਾਲਾਵਾਂ ਵਿੱਚ ਬਿਹਤਰ ਪ੍ਰਬੰਧ ਕਰਨਾ ਹੈ। ਇਸ ਦੌਰਾਨ ਨਰਵਾਣਾ ਇਲਾਕੇ ਦੀਆਂ ਹੋਰ ਗਊਸ਼ਾਲਾਵਾਂ ਨੂੰ ਵੀ ਅਨੁਦਾਨ ਰਾਸ਼ੀ ਵੰਡੀ ਗਈ। ਇਸ ਵਿੱਚ ਬਾਬਾ ਜ਼ਮੀਨ ਨਾਥ ਗਊਸ਼ਾਲਾ ਸੇਵਾ ਸਮਿਤੀ ਧਰੋਦੀ ਨੂੰ 43 ਲੱਖ 60 ਹਜ਼ਾਰ 825 ਰੁਪਏ, ਰਾਧੇ ਸ਼ਿਆਮ ਗਊ ਆਸ਼ਰਮ ਟਰੱਸਟ ਨੂੰ 7 ਲੱਖ 11 ਹਜ਼ਾਰ 814 ਰੁਪਏ, ਆਦਰਸ਼ ਗਊਸ਼ਾਲਾ ਅਤੇ ਗਊ ਰੱਖਿਆ ਦਲ ਧਨੌਰੀ ਨੂੰ 11 ਲੱਖ 73 ਹਜ਼ਾਰ 665 ਰੁਪਏ, ਬਾਬਾ ਖਾਕਨਾਥ ਗਊ ਸੇਵਾ ਸਮਿਤੀ ਕੋਇਲ ਨੂੰ 1 ਲੱਖ 93 ਹਜ਼ਾਰ 680 ਰੁਪਏ, ਕ੍ਰਿਸ਼ਨ ਗਊਸ਼ਾਲਾ ਸਮਿਤੀ ਬਰਟਾ ਨੂੰ 9 ਲੱਖ 92 ਹਜ਼ਾਰ 200 ਰੁਪਏ ਅਤੇ ਢਾਬੀ ਟੇਕ ਸਿੰਘ ਨੂੰ 2 ਲੱਖ 46 ਹਜ਼ਾਰ 692 ਰੁਪਏ ਦੀ ਰਾਸ਼ੀ ਦਿੱਤੀ ਗਈ। ਉਨ੍ਹਾਂ ਨੇ ਦੱਸਿਆ ਕਿ ਧਨਤੇਰਸ ਦੇ ਮੌਕੇ ਉੱਤੇ ਮੁੱਖ ਮੰਤਰੀ ਨੇ ਵੱਖ-ਵੱਖ ਵਰਗਾਂ ਨੂੰ ਰਾਹਤ ਦੇਣ ਲਈ ਕਈ ਜ਼ਰੂਰੀ ਫ਼ੈਸਲੇ ਲਏ ਹਨ। ਇਨ੍ਹਾਂ ਵਿੱਚ ਗ੍ਰਾਮੀਣ ਚੌਕੀਦਾਰਾਂ ਦੇ ਮਾਣ-ਭੱਤੇ ਵਿੱਚ 4421 ਰੁਪਏ ਦਾ ਵਾਧਾ ਕਰਨਾ ਵੀ ਸ਼ਾਮਲ ਹੈ।

ਯੂਪੀ ਵਿੱਚ ਵਾਪਰੇ ਭਿਆਨਕ ਸੜਕ ਹਾਦਸੇ ਚ ਹਰਿਆਣਾ ਦੇ ਛੇ ਨੌਜਵਾਨ ਜਿਉਂਦੇ ਸੜੇ

ਹਿਸਾਰ, 14 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-



ਉੱਤਰ ਪ੍ਰਦੇਸ਼ ਦੇ ਮੁਜ਼ੱਫਰਨਗਰ ਜ਼ਿਲ੍ਹੇ ਤੋਂ ਲਗਪਗ 25 ਕਿਲੋਮੀਟਰ ਦੂਰ ਪਾਨੀਪਤ-ਖਟੀਮਾ ਕੌਮੀ ਰਾਜਮਾਰਗ 'ਤੇ ਇੱਕ ਦਰਦਨਾਕ ਸੜਕ ਹਾਦਸੇ ਵਿੱਚ ਹਰਿਆਣਾ ਦੇ ਹਾਂਸੀ ਜ਼ਿਲ੍

6 ਸਾਲ ਪਹਿਲਾਂ ਗੋਦ ਲਏ ਬੱਚੇ ਦੀ ਕਸਟਡੀ 'ਤੇ ਕਾਨੂੰਨੀ ਜੰਗ, ਅਦਾਲਤ 'ਚ ਪੁੱਜਾ ਮਾਮਲਾ

ਕੌਮੀ ਪੜ੍ਹਿਕਾ

ਚੰਡੀਗੜ੍ਹ 14 ਨਵੰਬਰ। ਅੱਜ ਤੋਂ 6 ਸਾਲ ਪਹਿਲਾਂ ਗੁਰਦੁਆਰਾ ਸਾਹਿਬ 'ਚ ਗੋਦ ਲਏ ਬੱਚੇ ਦੀ ਕਸਟਡੀ ਨੂੰ ਲੈ ਕੇ ਦੋ ਪਰਿਵਾਰਾਂ 'ਚ ਫਿਰ ਕਾਨੂੰਨੀ ਜੰਗ ਛਿੜ ਗਈ ਹੈ। ਬੱਚੇ ਦੀ ਕਸਟਡੀ ਨੂੰ ਲੈ ਕੇ ਪੰਜਾਬ ਕੈਡਰ ਦੀ ਮਹਿਲਾ ਆਈ. ਪੀ. ਐੱਸ. ਅਧਿਕਾਰੀ ਅਤੇ ਬੱਚੇ ਦੇ ਜੈਵਿਕ ਮਾਪੇ ਅਦਾਲਤ 'ਚ ਆਹਮੋ-ਸਾਹਮਣੇ ਹੋ ਗਏ ਹਨ। ਹੁਣ ਏ. ਡੀ. ਜੇ. ਅਮਿਤ ਗਰੋਵਰ ਦੀ ਅਦਾਲਤ ਨੇ ਆਈ. ਪੀ. ਐੱਸ. ਅਧਿਕਾਰੀ ਨੂੰ ਵੈਧ ਦੱਤਕ ਮਾਂ ਘੋਸ਼ਿਤ ਕਰਨ ਵਾਲੇ ਹੇਠਲੀ ਅਦਾਲਤ ਦੇ ਫ਼ੈਸਲੇ ਨੂੰ ਅੰਸ਼ਿਕ ਤੌਰ 'ਤੇ ਰੱਦ ਕਰ ਦਿੱਤਾ ਹੈ। ਅਦਾਲਤ ਨੇ ਦੋਵਾਂ ਧਿਰਾਂ ਨੂੰ ਨੋਟਿਸ ਜਾਰੀ ਕਰਕੇ ਤਲਬ ਕੀਤਾ ਹੈ ਅਤੇ ਮਾਮਲੇ ਦੀ ਅਗਲੀ ਸੁਣਵਾਈ 214 ਨਵੰਬਰ ਨੂੰ ਨਿਰਧਾਰਤ ਕੀਤੀ ਹੈ। ਬੱਚੇ ਦਾ ਜਨਮ ਡਾ. ਹਨੀ ਚਹਿਲ ਅਤੇ ਡਾ. ਸਤਵੰਤ ਸਿੰਘ ਖੇਲਾ ਦੇ ਘਰ ਹੋਇਆ ਸੀ। ਦੂਜੇ ਪਾਸੇ ਆਈ. ਪੀ. ਐੱਸ. ਅਧਿਕਾਰੀ ਦਾ ਵਿਆਹ ਗੁਰਸਾਗਰ ਸਿੰਘ ਨਾਲ ਸਾਲ 2013 'ਚ ਹੋਇਆ ਸੀ ਅਤੇ ਉਨ੍ਹਾਂ ਦੀ ਕੋਈ ਔਲਾਦ ਨਹੀਂ ਸੀ। ਆਈ. ਪੀ. ਐੱਸ. ਅਧਿਕਾਰੀ ਦਾ ਦਾਅਵਾ ਹੈ ਕਿ 10 ਤੋਂ 12 ਫਰਵਰੀ 2020 ਦਰਮਿਆਨ



ਫਰੀਦਕੋਟ ਦੇ ਗੁਰਦੁਆਰਾ ਟਿੱਲਾ ਬਾਬਾ ਫਰੀਦ ਵਿਖੇ ਸ਼੍ਰੀ ਅਖੰਡ ਪਾਠ ਸਾਹਿਬ ਦੇ ਭੋਗ 'ਤੇ ਧਾਰਮਿਕ ਰੀਤੀ-ਰਿਵਾਜ਼ਾ ਨਾਲ ਬੱਚੇ ਨੂੰ ਗੋਦ ਲਿਆ ਗਿਆ ਸੀ। ਅਦਾਲਤ ਦੇ ਤਰਕ ਮੁਤਾਬਕ ਹਿੰਦੂ ਦੱਤਕ ਅਤੇ ਭਰਣ-ਪੋਸ਼ਣ ਐਕਟ ਦੀ ਧਾਰਾ 3 ਤਹਿਤ ਵਿਆਹੀ ਮਹਿਲਾ ਪਤੀ ਦੀ ਸਹਿਮਤੀ ਤੋਂ ਬਿਨਾਂ ਬੱਚਾ ਗੋਦ ਨਹੀਂ ਲੈ ਸਕਦੀ। ਗੋਦਨਾਮੇ 'ਤੇ ਪਤੀ ਗੁਰਸਾਗਰ ਸਿੰਘ ਦੇ ਦਸਤਖ਼ਤ ਨਹੀਂ ਹਨ। ਦੂਜੀ ਧਿਰ ਦਾ ਕਹਿਣਾ ਹੈ ਕਿ ਗੁਰਦੁਆਰਾ ਸਾਹਿਬ ਵਿੱਚ ਕੋਈ ਰਸਮ ਨਹੀਂ ਹੋਈ ਅਤੇ ਨਾ ਹੀ ਕਿਸੇ ਗ੍ਰੰਥੀ ਜਾਂ ਪਾਠੀ ਨੂੰ ਗਵਾਹ ਵਜੋਂ ਪੇਸ਼ ਕੀਤਾ ਗਿਆ। ਜੈਵਿਕ ਮਾਪਿਆਂ ਦਾ ਕਹਿਣਾ ਹੈ ਕਿ ਆਈ. ਪੀ. ਐੱਸ. ਅਧਿਕਾਰੀ ਨੇ ਆਪਣੇ ਅਹੁਦੇ ਦੀ ਦੁਰਵਰਤੋਂ ਕਰਦਿਆਂ ਫਰਜ਼ੀ ਗੋਦ ਪ੍ਰਮਾਣ ਪੱਤਰ ਤਿਆਰ ਕਰਨ ਦੀ ਕੋਸ਼ਿਸ਼ ਕੀਤੀ ਅਤੇ ਧਮਕੀ ਅਤੇ ਦਬਾਅ ਪਾ ਕੇ ਹਲਫ਼ਨਾਮਿਆਂ 'ਤੇ ਦਸਤਖ਼ਤ ਕਰਵਾਏ। ਦੂਜੇ ਪਾਸੇ ਆਈ. ਪੀ. ਐੱਸ. ਅਧਿਕਾਰੀ ਦਾ ਤਰਕ ਹੈ ਕਿ ਬੱਚੇ ਨੂੰ ਗੀਤੀ-ਰਿਵਾਜ਼ਾ ਅਨੁਸਾਰ ਗੋਦ ਲਿਆ ਗਿਆ ਸੀ ਅਤੇ ਪਤੀ ਦੀ ਪੂਰੀ ਸਹਿਮਤੀ ਸੀ। ਤਸਵੀਰਾਂ ਅਤੇ ਵੀਡੀਓਜ਼ ਵਿੱਚ ਬੱਚਾ ਗੁਰਸਾਗਰ ਨੂੰ 'ਪਾਪਾ' ਅਤੇ ਉਸ ਨੂੰ 'ਮੰਮਾ' ਬੁਲਾਉਂਦਾ ਹੈ। ਅਧਿਕਾਰੀ ਦਾ ਕਹਿਣਾ ਹੈ ਕਿ ਬੱਚੇ ਦੇ ਜਨਮ, ਡਿਲੀਵਰੀ, ਹਸਪਤਾਲ ਅਤੇ ਸਟੈਮ ਸੈੱਲ ਪ੍ਰੀਜ਼ਰਵੇਸ਼ਨ ਦਾ ਖ਼ਰਚਾ ਉਨ੍ਹਾਂ ਵਲੋਂ ਹੀ ਚੁੱਕਿਆ ਗਿਆ ਸੀ ਅਤੇ ਟੀਕਾਕਰਨ ਕਾਰਡ ਵੀ ਉਨ੍ਹਾਂ ਦੇ ਕੋਲ ਹੈ। ਸਾਲ 2020 ਵਿੱਚ ਜਨਮੇ ਬੱਚੇ ਦੀ ਕਸਟਡੀ ਦਾ ਇਹ ਵਿਵਾਦ ਸਾਲ 2022-23 ਵਿੱਚ ਹਾਈਕੋਰਟ ਪਹੁੰਚਿਆ ਸੀ। 28 ਅਗਸਤ 2023 ਨੂੰ ਹਾਈਕੋਰਟ ਨੇ ਦੋਵਾਂ ਧਿਰਾਂ ਨੂੰ ਟ?ਰਾਇਲ ਕੋਰਟ ਜਾਣ ਦੇ ਨਿਰਦੇਸ਼ ਦਿੱਤੇ। 27 ਸਤੰਬਰ 2023 ਨੂੰ ਜੈਵਿਕ ਮਾਪਿਆਂ ਨੇ ਬੱਚੇ ਦੀ ਕਸਟਡੀ ਮੰਗੀ, ਜਦੋਂ ਕਿ 25 ਅਕਤੂਬਰ ਨੂੰ ਆਈ. ਪੀ. ਐੱਸ. ਅਧਿਕਾਰੀ ਨੇ ਖ਼ੁਦ ਨੂੰ ਕਾਨੂੰਨੀ ਦੱਤਕ ਮਾਂ ਘੋਸ਼ਿਤ ਕਰਨ ਲਈ ਸਿਵਲ ਸੂਟ ਦਾਇਰ ਕੀਤਾ। 114 ਨਵੰਬਰ 2024 ਨੂੰ ਤਤਕਾਲੀ ਐਡੀਸ਼ਨਲ ਸਿਵਲ ਜੱਜ ਸਚਿਨ ਯਾਦਵ ਨੇ ਮਹਿਲਾ ਅਧਿਕਾਰੀ ਦੇ ਪੱਖ ਵਿੱਚ ਫ਼ੈਸਲਾ ਸੁਣਾਇਆ ਸੀ, ਜਿਸ ਨੂੰ ਹੁਣ ਏ. ਡੀ. ਜੇ. ਅਦਾਲਤ ਨੇ ਅੰਸ਼ਿਕ ਤੌਰ 'ਤੇ ਰੱਦ ਕਰ ਦਿੱਤਾ ਹੈ । ਹੁਣ ਇਸ ਮਾਮਲੇ ਦੀ ਅਗਲੀ ਸੁਣਵਾਈ 214 ਨਵੰਬਰ ਨੂੰ ਹੋਵੇਗੀ।

ਸਹੁਰੇ ਪਰਿਵਾਰ ਨੇ ਔਰਤ ਦਾ ਸਿਰ ਵੱਢ ਕੇ ਕੀਤਾ ਕਤਲ, ਡੇਢ ਏਕੜ ਜ਼ਮੀਨ ਪਿੱਛੇ ਵਾਪਰੀ ਇਹ ਘਟਨਾ

ਹੈਦਰਾਬਾਦ 14 ਨਵੰਬਰ। ਤੇਲੰਗਾਨਾ ਦੇ ਮਹਿਬੂਬਨਗਰ ਜ਼ਿਲ੍ਹੇ 'ਚ ਜ਼ਮੀਨੀ ਵਿਵਾਦ ਨੂੰ ਲੈ ਕੇ 28 ਸਾਲਾ ਔਰਤ ਦਾ ਉਸ ਦੇ ਸਹੁਰੇ ਅਤੇ ਉਸ ਦੇ ਪਤੀ ਦੇ ਭਰਾਵਾਂ ਨੇ ਸਿਰ ਵੱਢ ਕੇ ਕਤਲ ਕਰ ਦਿੱਤਾ। ਪੁਲਸ ਨੇ ਬੁੱਧਵਾਰ ਨੂੰ ਇਹ ਜਾਣਕਾਰੀ ਦਿੱਤੀ। ਪੁਲਸ ਅਨੁਸਾਰ, ਦੋਸ਼ੀ 2 ਨਵੰਬਰ ਨੂੰ ਕੋਇਲਕੋਂਡਾ ਮੰਡਲ ਦੇ ਚਿੰਥਲ ਥਾਂਡਾ 'ਚ ਔਰਤ ਦੇ ਗਲੇ 'ਚ ਕੱਪੜਾ ਬੰਨ੍ਹ ਕੇ ਉਸ ਨੂੰ ਘਸੀਟਦੇ ਹੋਏ ਆਪਣੇ ਘਰ ਲੈ ਗਏ ਅਤੇ ਚਾਕੂ ਨਾਲ ਹਮਲਾ ਕਰ ਕੇ ਉਸ ਦਾ ਸਿਰ ਵੱਢ ਦਿੱਤਾ। ਵਿਵਾਦ ਔਰਤ ਦੇ ਪਤੀ ਦੀ ਡੇਢ ਏਕੜ ਜ਼ਮੀਨ ਨੂੰ ਲੈ ਕੇ ਸੀ। ਦੱਸਿਆ ਜਾ ਰਿਹਾ ਹੈ ਕਿ ਇਹ ਜ਼ਮੀਨ ਔਰਤ ਦੇ ਨਾਮ 'ਤੇ ਤਬਦੀਲ ਕਰ ਦਿੱਤੀ ਗਈ ਸੀ, ਜਿਸ ਦਾ ਉਸ ਦੇ ਸਹੁਰੇ ਅਤੇ ਪਰਿਵਾਰ ਦੇ ਹੋਰ ਮੈਂਬਰਾਂ ਨੇ ਵਿਰੋਧ ਕੀਤਾ ਸੀ। ਪੁਲਸ ਦੇ ਅਨੁਸਾਰ, ਔਰਤ ਦਾ ਵਿਆਹ 12 ਸਾਲ ਪਹਿਲਾਂ ਹੋਇਆ ਸੀ ਅਤੇ ਉਸ ਦੇ 2 ਬੱਚੇ ਹਨ। ਇਕ ਪੁਲਸ ਅਧਿਕਾਰੀ ਨੇ ਦੱਸਿਆ ਕਿ ਪਤੀ ਦੇ ਮਾਨਸਿਕ ਸਿਹਤ ਸੰਬੰਧੀ ਸਮੱਸਿਆਵਾਂ ਨੂੰ ਲੈ ਕੇ ਜੋੜੇ 'ਚ ਅਕਸਰ ਵਿਵਾਦ ਹੁੰਦਾ ਸੀ। ਪਿਛਲੇ ਇਕ ਸਾਲ ਤੋਂ ਪਤੀ ਹੈਦਰਾਬਾਦ 'ਚ ਰਹਿ ਰਿਹਾ ਸੀ, ਜਦੋਂ ਕਿ ਔਰਤ ਚਿੰਥਲ ਥਾਂਡਾ 'ਚ ਦੂਜੇ ਘਰ 'ਚ ਰਹਿ ਰਹੀ ਸੀ। ਪੁਲਸ ਨੇ ਦੱਸਿਆ ਕਿ 2 ਨਵੰਬਰ ਨੂੰ ਜ਼ਮੀਨ ਦੇ ਮੁੱਦੇ 'ਤੇ ਔਰਤ ਅਤੇ ਉਸ ਦੇ ਸਹੁਰੇ ਪਰਿਵਾਰ ਵਾਲਿਆਂ ਵਿਚਾਲੇ ਕਹਾਸੁਣੀ ਹੋਈ। ਇਸ ਤੋਂ ਬਾਅਦ ਦੋਸ਼ੀਆਂ ਨੇ ਉਸ ਨੂੰ ਆਪਣੇ ਘਰ 'ਚ ਘਸੀਟਿਆ ਅਤੇ ਉਸ ਦਾ ਕਤਲ ਕਰ ਦਿੱਤਾ। ਘਟਨਾ ਦੇ ਸਮੇਂ ਔਰਤ ਦਾ ਪਤੀ ਹੈਦਰਾਬਾਦ 'ਚ ਸੀ। ਮ੍ਰਿਤਕਾ ਦੇ ਪਿਤਾ ਨੇ ਪੁਲਸ 'ਚ ਸ਼ਿਕਾਇਤ ਦਰਜ ਕਰਵਾ ਕੇ ਦੋਸ਼ ਲਗਾਇਆ ਕਿ ਉਨ੍ਹਾਂ ਦੀ ਧੀ ਦਾ ਕਤਲ ਉਸ ਦੇ ਸਹੁਰੇ ਅਤੇ ਪਤੀ ਦੇ ਭਰਾਵਾਂ ਨੇ ਜ਼ਮੀਨ ਵਿਵਾਦ ਨੂੰ ਲੈ ਕੇ ਕੀਤਾ ਹੈ। ਪੁਲਸ ਨੇ ਸ਼ਿਕਾਇਤ ਦੇ ਆਧਾਰ 'ਤੇ 5 ਲੋਕਾਂ ਖ਼?ਲਾਫ਼ ਮਾਮਲਾ ਦਰਜ ਕੀਤਾ ਹੈ। ਸਾਰੇ ਦੋਸ਼ੀ ਫਰਾਰ ਹਨ ਅਤੇ ਮਾਮਲੇ ਦੀ ਜਾਂਚ ਜਾਰੀ ਹੈ।

ਬੱਚਿਆਂ ਦੀ ਸੁਰੱਖਿਆ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾਵੇਗਾ : ਡਾ. ਬਲਜੀਤ ਕੌਰ

ਚੰਡੀਗੜ੍ਹ/ਜਲੰਧਰ 14 ਨਵੰਬਰ। ਹਰ ਬੱਚੇ ਦਾ ਸਕੂਲ ਤੱਕ ਸੁਰੱਖਿਅਤ ਪਹੁੰਚਣਾ ਉਸ ਦਾ ਅਧਿਕਾਰ ਹੈ। ਇਸੇ ਵਚਨਬੱਧਤਾ ਨੂੰ ਅੱਗੇ ਵਧਾਉਂਦਿਆਂ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਕਿ ਸੂਬੇ 'ਚ ਸੇਫ ਸਕੂਲ ਵਾਹਨ ਪਾਲਿਸੀ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕੀਤਾ ਜਾ ਰਿਹਾ ਹੈ ਤਾਂ ਜੋ ਹਰ ਬੱਚਾ



ਸਕੂਲ ਆਉਣ-ਜਾਣ ਦੌਰਾਨ ਸੁਰੱਖਿਅਤ ਰਹੇ। ਡਾ. ਬਲਜੀਤ ਕੌਰ ਨੇ ਦੱਸਿਆ ਕਿ 2025 ਤੋਂ ਸਤੰਬਰ 2026 ਤੱਕ ਸੇਫ ਸਕੂਲ ਵਾਹਨ ਪਾਲਿਸੀ ਤਹਿਤ ਸੂਬੇ ਭਰ 'ਚ ਕੁੱਲ 13,995 ਸਕੂਲ ਬੱਸਾਂ ਦੀ ਜਾਂਚ ਕੀਤੀ ਗਈ। ਇਨ੍ਹਾਂ 'ਚੋਂ 3,621 ਬੱਸਾਂ ਦੇ ਚਲਾਨ ਕੀਤੇ ਗਏ ਜਦਕਿ ਸੁਰੱਖਿਆ ਮਾਪਦੰਡਾਂ ਦੀ ਉਲੰਘਣਾ ਕਰਨ ਵਾਲੀਆਂ 31 ਬੱਸਾਂ ਨੂੰ ਜ਼ਬਤ ਕੀਤਾ ਗਿਆ। ਉਨ੍ਹਾਂ ਕਿਹਾ ਕਿ ਇਹ ਕਾਰਵਾਈ ਸਰਕਾਰ ਦੀ ਬੱਚਿਆਂ ਦੀ ਸੁਰੱਖਿਆ ਪ੍ਰਤੀ ਦ੍ਰਿੜ੍ਹ ਵਚਨਬੱਧਤਾ ਨੂੰ ਦਰਸਾਉਂਦੀ ਹੈ। ਮੰਤਰੀ ਨੇ ਦੱਸਿਆ ਕਿ 2025 ਦੌਰਾਨ ਜ਼ਿਲਾ ਪੱਧਰੀ ਸਕੂਲ ਵਾਹਨ ਚੈਕਿੰਗ ਕਮੇਟੀਆਂ ਵੱਲੋਂ 8,325 ਸਕੂਲ ਬੱਸਾਂ ਦੀ ਜਾਂਚ ਕੀਤੀ ਗਈ। ਜਾਂਚ ਦੌਰਾਨ ਨਿਯਮਾਂ ਦੀ ਉਲੰਘਣਾ ਕਰਨ ਵਾਲੀਆਂ 2,026 ਬੱਸਾਂ ਦੇ ਚਲਾਨ ਕੀਤੇ ਗਏ ਤੇ 24 ਬੱਸਾਂ ਨੂੰ ਜ਼ਬਤ ਕੀਤਾ ਗਿਆ। ਜਨਵਰੀ ਤੋਂ ਸਤੰਬਰ 2026 ਤੱਕ ਚਲਾਈ ਗਈ ਵਿਸ਼ੇਸ਼ ਚੈਕਿੰਗ ਮੁਹਿੰਮ ਦੌਰਾਨ 5,670 ਸਕੂਲ ਬੱਸਾਂ ਦੀ ਜਾਂਚ ਕੀਤੀ ਗਈ, ਜਿਨ੍ਹਾਂ 'ਚੋਂ 1,595 ਬੱਸਾਂ ਦੇ ਚਲਾਨ ਕੀਤੇ ਗਏ ਤੇ ਸੁਰੱਖਿਆ ਮਾਪਦੰਡ ਪੂਰੇ ਨਾ ਕਰਨ ਵਾਲੀਆਂ 7 ਬੱਸਾਂ ਨੂੰ ਜ਼ਬਤ ਕੀਤਾ ਗਿਆ। ਉਨ੍ਹਾਂ ਸਕੂਲਾਂ ਨੂੰ ਅਪੀਲ ਕੀਤੀ ਕਿ ਸਿਰਫ਼ ਸੇਫ ਸਕੂਲ ਵਾਹਨ ਪਾਲਿਸੀ ਅਨੁਸਾਰ ਸੁਰੱਖਿਆ ਮਾਪਦੰਡ ਪੂਰੇ ਕਰਨ ਵਾਲੇ ਵਾਹਨਾਂ ਦੀ ਵਰਤੋਂ ਕੀਤੀ ਜਾਵੇ।

ਮੁਲਾਜ਼ਮਾਂ ਦੀਆਂ ਰੁਕੀਆਂ ਤਨਖ਼ਾਹਾਂ, ਕੰਮ ਕੀਤਾ ਬੰਦ, ਪ੍ਰਸ਼ਾਸਨ ਅੱਗੇ ਰੱਖੀ ਵੱਡੀ ਮੰਗ

ਕੌਮੀ ਪੜ੍ਹਿਕਾ

ਚੰਡੀਗੜ੍ਹ 14 ਨਵੰਬਰ। ਇੱਥੇ ਸੈਕਟਰ-42 ਸਥਿਤ ਪੋਸਟ ਗ੍ਰੈਜੂਏਟ ਸਰਕਾਰੀ ਕਾਲਜ ਦੇ ਮੁਲਾਜ਼ਮ ਪਿਛਲੇ ਕਰੀਬ ਦੋ ਮਹੀਨਿਆਂ ਤੋਂ ਤਨਖ਼ਾਹ ਨਾ ਮਿਲਣ ਕਾਰਨ ਆਰਥਿਕ ਸੰਕਟ ਦਾ ਸਾਹਮਣਾ ਕਰ ਰਹੇ ਹਨ। ਦੀਵਾਲੀ ਵਰਗੇ ਵੱਡੇ ਤਿਉਹਾਰ 'ਤੇ ਵੀ ਤਨਖ਼ਾਹ ਨਾ ਮਿਲਣ ਕਾਰਨ ਮੁਲਾਜ਼ਮਾਂ 'ਚ ਭਾਰੀ ਰੋਸ ਹੈ। ਆਪਣੀਆਂ ਮੰਗਾਂ ਵੱਲ ਧਿਆਨ ਦਿਵਾਉਣ ਲਈ ਸੋਮਵਾਰ ਨੂੰ ਮੁਲਾਜ਼ਮਾਂ ਨੇ ਕੰਮ ਛੱਡ ਦਿੱਤਾ ਸੀ। ਇਕ ਪਾਸੇ ਚੰਡੀਗੜ੍ਹ ਪ੍ਰਸ਼ਾਸਨ ਵੱਲੋਂ ਮੁਲਾਜ਼ਮਾਂ ਨੂੰ 14 ਨਵੰਬਰ ਤੱਕ ਤਨਖ਼ਾਹ ਜਾਰੀ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ, ਉੱਥੇ ਹੀ ਦੂਜੇ ਪਾਸੇ ਪੀ. ਜੀ. ਜੀ. ਸੀ.-42 ਦੇ ਕਰਮਚਾਰੀ ਅਜੇ ਵੀ ਆਪਣੀ ਤਨਖ਼ਾਹ ਦੀ ਉਡੀਕ ਕਰ ਰਹੇ ਹਨ। ਤਨਖ਼ਾਹ ਨਾ ਮਿਲਣ ਕਾਰਨ ਘਰ ਦਾ ਖ਼ਰਚਾ ਚਲਾਉਣਾ, ਬੱਚਿਆਂ ਦੀ ਸਕੂਲ ਫ਼ੀਸ ਜਮ੍ਹਾਂ ਕਰਵਾਉਣਾ ਅਤੇ ਤਿਉਹਾਰ ਮਨਾਉਣਾ ਵੀ ਮੁਸ਼ਕਲ ਹੋ ਗਿਆ ਹੈ। ਕਰਮਚਾਰੀਆਂ ਦਾ ਕਹਿਣਾ ਹੈ ਕਿ ਸਕੂਲਾਂ ਵੱਲੋਂ ਬੱਚਿਆਂ ਦੀ ਫ਼ੀਸ ਜਮ੍ਹਾਂ ਕਰਵਾਉਣਾ ਲਈ ਲਗਾਤਾਰ ਸੁਨੇਹੇ ਭੇਜੇ ਜਾ ਰਹੇ ਹਨ ਪਰ ਉਨ੍ਹਾਂ ਨੂੰ ਆਪਣੀ ਮਿਹਨਤ ਦੀ ਕਮਾਈ ਹੀ ਨਹੀਂ ਮਿਲ ਰਹੀ। ਇਸ ਕਾਰਨ ਪਰਿਵਾਰਕ ਜ਼ਿੰਮੇਵਾਰੀਆਂ ਨਿਭਾਉਣ 'ਚ ਕਾਫ਼ੀ ਮੁਸ਼ਕਲ ਆ ਰਹੀ ਹੈ। ਕਰਮਚਾਰੀਆਂ ਨੇ ਇਸ ਮਾਮਲੇ ਸਬੰਧੀ ਕਾਲਜ ਪ੍ਰਿੰਸੀਪਲ ਨਾਲ ਮੁਲਾਕਾਤ ਕਰਨ ਦਾ ਸਮਾਂ ਮੰਗਿਆ ਸੀ ਤਾਂ ਜੋ ਉਹ ਆਪਣੀ ਸਮੱਸਿਆ ਰੱਖ ਸਕਣ। ਹਾਲਾਂਕਿ ਉਨ੍ਹਾਂ ਮੁਤਾਬਕ ਪ੍ਰਿੰਸੀਪਲ ਨੇ ਤੁਰੰਤ ਮਿਲਣ ਦੀ ਬਜਾਏ ਦੁਪਹਿਰ ਤੋਂ ਬਾਅਦ ਮੁਲਾਕਾਤ ਕਰਨ ਦੀ ਗੱਲ ਕਹੀ। ਕਾਲਜ ਦੇ ਸੁਪਰਡੈਂਟ ਨੇ ਕਰਮਚਾਰੀਆਂ ਨੂੰ ਦੱਸਿਆ ਕਿ ਡਾਇਰੈਕਟਰ ਹਾਇਰ ਐਜੂਕੇਸ਼ਨ ਵੱਲੋਂ ਲਿਖਤੀ ਤੌਰ 'ਤੇ ਸੂਚਿਤ ਕੀਤਾ ਗਿਆ ਹੈ ਕਿ ਤਨਖ਼ਾਹ ਜਾਰੀ ਕਰਨ ਸਬੰਧੀ ਫਿਲਹਾਲ



ਕੋਈ ਹੁਕਮ ਪ੍ਰਾਪਤ ਨਹੀਂ ਹੋਇਆ ਹੈ। ਇਸ ਕਾਰਨ ਤਨਖ਼ਾਹ ਦਾ ਮਾਮਲਾ ਉੱਚ ਅਧਿਕਾਰੀਆਂ ਦੇ ਪੱਧਰ 'ਤੇ ਲਟਕਿਆ ਹੋਇਆ ਹੈ। ਕਰਮਚਾਰੀਆਂ ਨੇ ਸਵਾਲ ਚੁੱਕਿਆ ਕਿ ਜਦੋਂ ਉਹ ਨਿਯਮਿਤ ਤੌਰ 'ਤੇ ਆਪਣੀ ਡਿਊਟੀ ਨਿਭਾਅ ਰਹੇ ਹਨ ਤਾਂ ਉਨ੍ਹਾਂ ਨੂੰ ਸਮੇਂ ਸਿਰ ਤਨਖ਼ਾਹ ਕਿਉਂ ਨਹੀਂ ਦਿੱਤੀ ਜਾ ਰਹੀ। ਉਨ੍ਹਾਂ ਚੰਡੀਗੜ੍ਹ ਪ੍ਰਸ਼ਾਸਨ ਅਤੇ ਉੱਚ ਸਿੱਖਿਆ ਵਿਭਾਗ ਤੋਂ ਮੰਗ ਕੀਤੀ ਹੈ ਕਿ ਬਕਾਇਆ ਤਨਖ਼ਾਹ ਤੁਰੰਤ ਜਾਰੀ ਕੀਤੀ ਜਾਵੇ, ਤਾਂ ਜੋ ਉਹ ਆਪਣੇ ਪਰਿਵਾਰਾਂ ਦੀਆਂ ਜ਼ਰੂਰਤਾਂ ਪੂਰੀਆਂ ਕਰ ਸਕਣ।

ਜਬਰ-ਜ਼ਿਨਾਹ ਮਗਰੋਂ ਬੰਦੇ ਨੇ ਕੁੜੀ ਨਾਲ ਕਰਵਾਇਆ ਵਿਆਹ ! ਅਦਾਲਤ ਨੇ ਸੁਣਾ'ਤੀ 10 ਸਾਲ ਦੀ ਕੈਦ

ਲਾਤੂਰ 14 ਨਵੰਬਰ। ਮਹਾਰਾਸ਼ਟਰ ਦੀ ਲਾਤੂਰ ਜ਼ਿਲ੍ਹਾ ਅਦਾਲਤ ਨੇ 35 ਸਾਲਾ ਇਕ ਵਿਅਕਤੀ ਨੂੰ ਨਾਬਾਲਗ ਨਾਲ ਜਬਰ ਜ਼ਿਨਾਹ ਕਰਨ ਦੇ ਦੋਸ਼ 'ਚ 10 ਸਾਲ ਦੀ ਸਖ਼ਤ ਕੈਦ ਦੀ ਸਜ਼ਾ ਸੁਣਾਈ ਹੈ। ਦੋਸ਼ੀ ਨੇ ਮਾਮਲੇ ਦੀ ਸੁਣਵਾਈ ਦੌਰਾਨ ਦੋਸ਼ੀ ਨੇ ਪੀੜਤਾ ਨਾਲ ਵਿਆਹ ਕਰ ਲਿਆ ਸੀ। ਜੱਜ ਐੱਸ.ਏ. ਸਈਦ ਨੇ ਵਿਪੁਲ ਸੁਖਰਾਮ ਬਨਕਰ ਨੂੰ ਇਕ ਨਾਬਾਲਗ ਕੁੜੀ ਨੂੰ ਅਗਵਾ ਕਰਨ ਅਤੇ ਉਸ ਨਾਲ ਜਬਰ ਜ਼ਿਨਾਹ ਕਰਨ ਦਾ ਦੋਸ਼ੀ ਪਾਇਆ। ਅਦਾਲਤ ਨੇ ਉਸ 'ਤੇ 5,000 ਰੁਪਏ ਦਾ ਜੁਰਮਾਨਾ ਵੀ ਲਗਾਇਆ। ਇਸਤਗਾਸਾ ਪੱਖ ਦੇ ਅਨੁਸਾਰ, ਬਨਕਰ ਨੇ 26 ਸਤੰਬਰ 2015 ਨੂੰ ਕੁੜੀ ਨੂੰ ਵਰਗਲਾ ਕੇ ਉਸ ਨੂੰ ਅਗਵਾ ਕੀਤਾ ਅਤੇ ਉਸ ਦਾ ਜਿਨਸੀ ਸ਼ੋਸ਼ਣ ਕੀਤਾ। ਕੁੜੀ ਦੇ ਪਿਤਾ ਦੀ ਸ਼ਿਕਾਇਤ ਦੇ ਆਧਾਰ 'ਤੇ ਲਾਤੂਰ ਦਿਹਾਤੀ ਪੁਲਸ ਨੇ ਉਸ ਵਿਰੁੱਧ ਭਾਰਤੀ ਦੰਡ ਸੰਹਿਤਾ ਅਤੇ ਬੱਚਿਆਂ ਦੀ ਜਿਨਸੀ ਅਪਰਾਧਾਂ ਤੋਂ ਸੁਰੱਖਿਆ (ਪੋਕਸੋ) ਐਕਟ ਦੀਆਂ ਸਬੰਧਤ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ। ਸੁਣਵਾਈ ਦੌਰਾਨ ਇਸਤਗਾਸਾ ਪੱਖ ਨੇ ਪੀੜਤਾ ਸਮੇਤ 14 ਗਵਾਹ ਪੇਸ਼ ਕੀਤੇ। ਬਨਕਰ ਨੇ ਬਾਅਦ 'ਚ ਕੁੜੀ ਨਾਲ ਵਿਆਹ ਕੀਤਾ ਅਤੇ ਅਦਾਲਤ ਨੂੰ ਅਪੀਲ ਕੀਤੀ ਕਿ ਉਹ ਮੁੜ ਤੋਂ ਉਸ ਦਾ ਬਿਆਨ ਦਰਜ ਕਰੇ ਪਰ ਅਦਾਲਤ ਨੇ ਉਸ ਦੀ ਅਪੀਲ ਖਾਰਜ ਕਰ ਦਿੱਤੀ। ਉਸ ਨੇ ਸਜ਼ਾ ਤੋਂ ਬਚਣ ਲਈ ਦਲੀਲ ਦਿੱਤੀ ਕਿ ਉਸ ਨੇ ਕੁੜੀ ਨਾਲ ਵਿਆਹ ਕਰ ਲਿਆ ਹੈ ਅਤੇ ਉਸ ਦਾ ਇਕ ਬੱਚਾ ਵੀ ਹੈ। ਹਾਲਾਂਕਿ, ਸਰਕਾਰੀ ਵਕੀਲ ਐੱਸ.ਐੱਮ. ਮੁੰਡਾਡਾ ਅਤੇ ਵਿਸ਼ੇਸ਼ ਸਰਕਾਰੀ ਵਕੀਲ ਮੰਗੇਸ਼ ਮਹਿੰਦਰਾਕਰ ਨੇ ਅਦਾਲਤ ਨੂੰ ਦੱਸਿਆ ਕਿ ਉਹ ਵਿਆਹਿਕ ਵਿਵਾਦਾਂ ਕਾਰਨ ਹੁਣ ਇਕੱਠੇ ਨਹੀਂ ਰਹਿ ਰਹੇ ਹਨ। ਇਸਤਗਾਸਾ ਪੱਖ ਦੀਆਂ ਦਲੀਲਾਂ ਨੂੰ ਠੋਸ ਮੰਨਦੇ ਹੋਏ, ਅਦਾਲਤ ਨੇ ਆਰੋਪੀ ਨੂੰ ਦੋਸ਼ੀ ਕਰਾਰ ਦਿੱਤਾ ਅਤੇ ਸਜ਼ਾ ਸੁਣਾਈ।

10, 20 ਅਤੇ 50 ਰੁਪਏ ਦੇ ਨੋਟ ਗਾਇਬ ਹੋ ਜਾਣਗੇ; ਛੋਟੇ ਨੋਟਾਂ ਦੀ ਘਾਟ ਨੂੰ ਲੈ ਕੇ ਜਾਣੋ ਕੀ ਹੈ ਸਰਕਾਰੀ ਬਿਆਨ

ਕੌਮੀ ਪੜ੍ਹਿਕਾ

ਬਿਜ਼ਨੈੱਸ ਡੈਸਕ 14 ਨਵੰਬਰ। ਜਿਵੇਂ-ਜਿਵੇਂ ਦੀਵਾਲੀ ਦਾ ਤਿਉਹਾਰ ਨੇ